# ਤੌਜ਼ੀਹ ਮਰਾਮ

## (ਉਦੇਸ਼ ਦਾ ਸਪਸ਼ਟੀਕਰਨ)

ਪ੍ਰਕਾਸ਼ਕ

ਨਜ਼ਾਰਤ ਨਸ਼ਰੋ ਇਸ਼ਾਅਤ

ਸਦਰ ਅੰਜੁਮਨ ਅਹਮਦੀਆ ਕਾਦੀਆਂ

# ਤੌਜ਼ੀਹ ਮਰਾਮ

(ਉਦੇਸ਼ ਦਾ ਸਪਸ਼ਟੀਕਰਨ)


**ਸੂਖ਼ਮ ਰਚਨਾ**

ਸੱਯਦਨਾ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ

ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ

# ਤੌਜ਼ੀਹ ਮਰਾਮ

(ਉਦੇਸ਼ ਦਾ ਸਪਸ਼ਟੀਕਰਨ)


| | | |
|---|---|---|
| ਸੂਖ਼ਮ ਰਚਨਾ | : | ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ |
| ਅਨੁਵਾਦਕ | : | ਐਮ.ਐਮ ਤਯੱਬ ਐਮ.ਏ |
| ਸੰਸਕਰਣ ਪਹਿਲਾ | : | ਜੂਨ 2024 |
| ਗਿਣਤੀ | : | 200 |
| ਪ੍ਰਕਾਸ਼ਕ | : | ਨਜ਼ਾਰਤ ਨਸ਼ਰੋ ਇਸ਼ਾਅਤ ਸਦਰ ਅੰਜੁਮਨ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ, ਪੰਜਾਬ, ਭਾਰਤ (143516) |
| ਪ੍ਰੈਸ | : | ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ |

| | | |
|---|---|---|
| Name of Book | : | Tauzeeh-E-Maram |
| Author | : | Hazrat Mirza Ghulam Ahmad Masih Maood w Mahdi Maood |
| Translated By | : | M.M Tayyab M.A |
| First Edition | : | June 2024 |
| Copies | : | 200 |
| Published By | : | Nazarat Nashr-o-Ishat Sadr Anjuman Ahmadiyya Qadian Dist. Gurdaspur, Punjab, India 143516 |
| Printed At | : | Fazle Umar Printing Press Qadian |



ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ

# ਲੇਖਕ ਬਾਰੇ

## ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ, ਮਸੀਹ ਮੌਊਦ ਵ ਮਹਦੀ ਮੌਊਦ ਅਲੈਹਿ ਸਲਾਮ 1835 ਈ. ਵਿੱਚ ਭਾਰਤ ਦੇ ਸੂਬਾ ਪੰਜਾਬ ਦੇ ਇੱਕ ਨਿੱਕੇ ਜਿਹੇ ਕਸਬੇ ਕਾਦੀਆਂ ਵਿੱਚ ਪੈਦਾ ਹੋਏ। ਪਹਿਲੀ ਉਮਰ ਵਿੱਚ ਹੀ ਆਪ ਇਲਾਹੀ ਇਬਾਦਤ, ਦੁਆਵਾਂ, ਕੁਰਆਨ ਸ਼ਰੀਫ਼ ਦੇ ਸਿਮਰਣ ਅਤੇ ਹੋਰਨਾ ਰੱਬੀ ਪੁਸਤਕਾਂ ਦੇ ਅਧਿਐਨ ਵਿੱਚ ਲੀਨ ਰਹਿੰਦੇ ਸਨ। ਇਸਲਾਮ ਜੋ ਕਿ ਉਸ ਸਮੇਂ ਹਰ ਪਾਸਿਓਂ ਦੁਸ਼ਮਣਾ ਦਾ ਸ਼ਿਕਾਰ ਬਣਿਆ ਹੋਇਆ ਸੀ ਉਸ ਦੀ ਰਹਿਮ ਯੋਗ ਅਵਸਥਾ ਵੇਖ ਕੇ ਆਪ ਅਲੈਹਿ ਸਲਾਮ ਨੂੰ ਬਹੁਤ ਦੁੱਖ ਹੁੰਦਾ। ਇਸਲਾਮ ਦੀ ਪ੍ਰਤੀ ਰੱਖਿਆ ਅਤੇ ਇਸ ਦੀ ਸਿੱਖਿਆਵਾਂ ਨੂੰ ਇਸ ਦੀ ਆਪਣੀ ਅਵਸਥਾ ਵਿੱਚ ਦੁਨੀਆਂ ਦੇ ਸਾਮ੍ਹਣੇ ਪੇਸ਼ ਕਰਨ ਲਈ ਆਪ ਅਲੈਹਿ ਸਲਾਮ ਨੇ 90 ਤੋਂ ਵੱਧ ਪੁਸਤਕਾਂ ਲਿੱਖਿਆਂ ਅਤੇ ਹਜ਼ਾਰਾਂ ਹੀ ਪੱਤਰ ਲਿੱਖੇ ਅਤੇ ਅਨੇਕਾਂ ਹੀ ਧਾਰਮਿਕ ਗੋਸ਼ਟੀਆਂ ਅਤੇ ਵਿਚਾਰ ਵਟਾਂਦਰੇ ਕੀਤੇ। ਆਪ ਅਲੈਹਿ ਸਲਾਮ ਨੇ ਦੱਸਿਆ ਕਿ ਇਸਲਾਮ ਹੀ ਜੀਊਂਦਾ ਧਰਮ ਹੈ। ਜੋ ਮਨੁੱਖ ਦਾ ਸੰਬੰਧ ਆਪਣੇ ਹਕੀਕੀ ਸਿਰਜਣਹਾਰ ਨਾਲ ਪੈਦਾ ਕਰ ਸਕਦਾ ਹੈ ਅਤੇ ਇਸੇ ਦੀ ਪੈਰ੍ਹਵੀ ਨਾਲ ਆਚਰਣਕ ਅਤੇ ਆਤਮਿਕ ਰਸ-ਮੰਡਲੀਆਂ ਹਾਸਲ ਕਰ ਸਕਦਾ ਹੈ।

ਛੋਟੀ ਉਮਰੇ ਹੀ ਆਪ ਅਲੈਹਿ ਸਲਾਮ ਸੱਚੇ ਸੁਪਨਿਆਂ, ਦਿਵਦ੍ਰਿਸ਼ਾਂ, ਇਲਾਹੀ ਕਲਾਮ ਅਤੇ ਸੰਬੋਧਨਾਂ ਨਾਲ ਮੁਸ਼ਰੱਫ਼ ਹੋਏ। 1889 ਈ. ਵਿੱਚ

ਆਪ ਅਲੈਹਿ ਸਲਾਮ ਨੇ ਇਲਾਹੀ ਹੁਕਮ ਅਨੁਸਾਰ ਬੈਅਤ ਲੈਣਾ ਆਰੰਭ ਕੀਤਾ ਅਤੇ ਇੱਕ ਪਵਿੱਤਰ ਜਮਾਅਤ ਦੀ ਨੀਂਹ ਰੱਖੀ । ਦਿਨ ਪ੍ਰਤੀ ਦਿਨ ਇਲਾਹੀ ਸੰਬੋਧਨਾ ਅਤੇ ਇਲਾਹੀ ਕਲਾਮ ਵਿੱਚ ਤਰੱਕੀ ਹੁੰਦੀ ਗਈ ਅਤੇ ਆਪ ਅਲੈਹਿ ਸਲਾਮ ਨੇ ਰੱਬੀ ਹੁਕਮ ਅਨੁਸਾਰ ਹੀ ਇਹ ਐਲਾਨ ਕੀਤਾ ਕਿ ਆਪ ਹੀ ਉਹ ਅੰਤਿਮ ਯੁੱਗ ਦੇ ਸੁਧਾਰਕ ਹਨ । ਜਿਸ ਦੀਆਂ ਪਹਿਲਾਂ ਤੋਂ ਹੀ ਖ਼ਬਰਾਂ ਮੌਜੂਦ ਹਨ ਅਤੇ ਵਿਸ਼ਵ ਭਰ ਵਿੱਚ ਵੱਖ ਵੱਖ ਨਾਵਾਂ ਨਾਲ ਮੌਜੂਦ ਹਨ । ਆਪ ਅਲੈਹਿ ਸਲਾਮ ਨੇ ਇਹ ਵੀ ਦਾਅਵਾ ਕੀਤਾ ਕਿ ਆਪ ਹੀ ਉਹ ਮਸੀਹ ਮੌਊਦ ਦੇ ਮਹਦੀ ਮਾਹੂਦ ਹਨ । ਜਿਸ ਦੇ ਆਉਣ ਦੀਆਂ ਭਵਿੱਖਬਾਣੀਆਂ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਨੇ ਕੀਤੀਆਂ ਸਨ ਹੁਣ ਅਹਮਦੀਆ ਮੁਸਲਿਮ ਜਮਾਅਤ ਦੁਨੀਆ ਦੇ 200 ਤੋਂ ਵੱਧ ਦੇਸ਼ਾਂ ਵਿੱਚ ਸਥਾਪਿਤ ਹੋ ਚੁੱਕੀ ਹੈ ।

1908 ਈ. ਵਿੱਚ ਆਪ ਅਲੈਹਿ ਸਲਾਮ ਦੇ ਇਸ ਨਿਮਾਣੇ ਸੰਸਾਰ ਨੂੰ ਅਲਵਿਦਾ ਕਹਿਣ ਮਗਰੋਂ ਕੁਰਆਨ ਸ਼ਰੀਫ਼ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੀਆਂ ਭਵਿੱਖਬਾਣੀਆਂ ਅਨੁਸਾਰ ਆਪ ਅਲੈਹਿ ਸਲਾਮ ਦੇ ਮਿਸ਼ਨ ਦੀ ਸੰਪੂਰਨਤਾ ਲਈ ਨਿਜ਼ਾਮੇ ਖ਼ਿਲਾਫ਼ਤ ਦੀ ਸਥਾਪਨਾ ਹੋਈ । ਹਜ਼ਰਤ ਮਿਰਜ਼ਾ ਮਸਰੂਰ ਅਹਮਦ ਅੱਯਾਦਹੁੱਲਾਹ ਤਆਲਾ ਬੇਨਸਰਹਿਲ ਅਜ਼ੀਜ਼, ਆਪ ਅਲੈਹਿ ਸਲਾਮ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਅਤੇ ਅਹਮਦੀਆ ਮੁਸਲਿਮ ਜਮਾਅਤ ਦੇ ਵਰਤਮਾਨ ਰੂਹਾਨੀ ਇਮਾਮ ਹਨ ।

# ਮੁੱਖ ਸ਼ਬਦ

ਸੱਯਦਨਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੇ ਮਸੀਹ ਅਤੇ ਮਹਦੀ ਹੋਣ ਬਾਰੇ ਜੋ ਸੂਖ਼ਮ ਕਿਤਾਬਾਂ ਰਚੀਆਂ। ਉਨ੍ਹਾ ਵਿੱਚੋਂ ਇੱਕ **ਤੌਜ਼ੀਹ ਮਰਾਮ** ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਗੱਲ੍ਹ ਨੂੰ ਧਿਆਨ ਵਿੱਚ ਰੱਖਦਿਆਂ ਕਿ ਆਪ ਦੇ ਮਸੀਹ ਹੋਣ ਦੇ ਦਾਅਵੇ ਉੱਤੇ ਵਿਰੋਧਾਤਮਿਕ ਅਤੇ ਵਿੱਪਤੀਜਨਕ ਲੇਖਣੀਆਂ ਲਿੱਖਿਆਂ ਜਾਣ ਤੋਂ ਪਹਿਲਾਂ ਹੀ ਆਪਣੇ ਦਾਅਵੇ ਨੂੰ ਵਿਸਥਾਰ ਅਤੇ ਤਰਕ ਸਹਿਤ ਸਮਝਾ ਦਿੱਤਾ ਜਾਵੇ ਇਹ ਸੂਖ਼ਮ ਰਚਨਾ **ਤੌਜ਼ੀਹ ਮਰਾਮ** 1891 ਈ ਵਿੱਚ ਪ੍ਰਦਾਨ ਕੀਤੀ। ਜਿਸ ਦੇ ਅੰਤ ਵਿੱਚ ਆਪ ਨੇ **ਇਸਲਾਮੀ ਵਿਦਵਾਨਾਂ ਲਈ ਸੂਚਨਾ** ਦੇ ਸਿਰਲੇਖ ਹੇਠ ਇਹ ਘੋਸ਼ਣਾ ਕੀਤੀ :

" ਜੋ ਕੁੱਝ ਇਸ ਵਿਨਮ੍ਰ ਨੇ ਮਸੀਲੇ ਮਸੀਹ (ਮਸੀਹੀ ਸਰੂਪ) ਬਾਰੇ ਲਿੱਖਿਆ ਹੈ। ਇਹ ਵਿਸ਼ਾ ਵੱਖੋ-ਵੱਖ ਰੂਪ ਵਿੱਚ ਤਿੰਨ ਰਸਾਲਿਆਂ ਵਿੱਚ ਦਰਜ ਹੈ **ਫ਼ਤਿਹ ਇਸਲਾਮ**, **ਤੌਜ਼ੀਹ ਮਰਾਮ** ਅਤੇ **ਅਜ਼ਾਲਾ ਓਹਾਮ** ਵਿੱਚ। ਸੋ, ਉੱਚਿਤ ਹੈ ਕਿ ਜੱਦ ਤੱਕ ਕੋਈ ਸਾਹਿਬ ਇਨ੍ਹਾਂ ਤਿੰਨ੍ਹਾਂ ਰਸਾਲਿਆਂ ਨੂੰ ਧਿਆਨ ਨਾਲ ਨ ਵੇਖ ਲਏ। ਤੱਦ ਤੱਕ ਕੋਈ ਵਿਰੋਧੀ ਵਿਚਾਰ ਪ੍ਰਗਟ ਕਰਨ ਵਿੱਚ ਛੇਤੀ ਨ ਕਰੇ "

ਨਜ਼ਾਰਤ ਨਸ਼ਰੋ ਇਸ਼ਾਅਤ ਲੋਕ ਭਲਾਈ ਲਈ ਇਸ ਰਸਾਲੇ ਨੂੰ ਉਸ ਦੇ ਅਸਲ ਰੂਪ ਵਿੱਚ ਹੀ ਪ੍ਰਕਾਸ਼ਿਤ ਕਰ ਰਹੀ ਹੈ । ਅਰਦਾਸ ਹੈ ਕਿ ਰੱਬ ਇਸ ਨੂੰ ਲੋਕਾਂ ਲਈ ਲਾਭਕਾਰੀ ਬਣਾਏ। ਆਮੀਨ

ਹਾਫ਼ਿਜ਼ ਮਖ਼ਦੂਮ ਸ਼ਰੀਫ਼

ਨਾਜ਼ਰ ਨਸ਼ਰੋ ਇਸ਼ਾਅਤ ਕਾਦੀਆਂ

# ਘੋਸ਼ਣਾ

ਇਸ ਰਿਸਾਲੇ ਦੇ ਬਾਦ ਇੱਕ ਹੋਰ ਰਿਸਾਲਾ ਵੀ ਕੁੱਝ ਦਿਨ੍ਹਾਂ ਵਿੱਚ ਪ੍ਰਕਾਸ਼ਿਤ ਹੋ ਕੇ ਤਿਆਰ ਹੋ ਜਾਵੇਗਾ। ਜਿਸ ਦਾ ਨਾਂ **ਅਜ਼ਾਲਾ ਓਹਾਮ** ਹੈ । ਉਹ ਰਿਸਾਲਾ **ਫ਼ਤਿਹ ਇਸਲਾਮ** ਦਾ ਤੀਜਾ ਭਾਗ ਹੈ।

ਘੋਸ਼ਣਾ ਕਰਤਾ

ਮਿਰਜ਼ਾ ਗੁਲਾਮ ਅਹਮਦ ਅਫ਼ੀ ਅੰਨਹੁ

بِسْمِ اللّٰهِ الرَّحْمٰنِ الرَّحِيْمِ
اَلْحَمْدُ لِلّٰهِ وَالسَّلَامُ عَلٰى عِبَادِهِ الَّذِيْنَ اصْطَفٰى

# ਮਸੀਹ ਦਾ ਮੁੜ੍ਹ ਦੁਨੀਆਂ ਵਿੱਚ ਆਉਣਾ

ਮੁਸਲਮਾਨਾਂ ਅਤੇ ਈਸਾਈਆਂ ਦਾ ਕੁੱਝ ਕੁ ਵਿਵਾਦਾਂ ਨਾਲ ਇਹ ਖਿਆਲ ਹੈ ਕਿ " ਹਜ਼ਰਤ ਮਸੀਹ ਇਬਨੇ ਮਰੀਅਮ ਇਸੇ ਭੌਤਕ ਸ਼ਰੀਰ ਨਾਲ ਆਕਾਸ਼ ਵੱਲ੍ਹ ਚੁੱਕੇ ਗਏ ਹਨ ਅਤੇ ਫਿਰ ਕਿਸੇ ਜ਼ਮਾਨੇ ਵਿੱਚ ਉਹ ਆਕਾਸ਼ ਤੋਂ ਆਉਣਗੇ " ਮੈਂ ਇਸ ਖਿਆਲ ਦਾ ਗ਼ਲਤ ਹੋਣਾ ਆਪਣੇ ਇਸੇ ਰਿਸਾਲੇ ਵਿੱਚ ਲਿੱਖ ਚੁੱਕਿਆ ਹਾਂ ਅਤੇ ਇਹ ਵੀ ਬਿਆਨ ਕਰ ਚੁੱਕਿਆ ਹਾਂ ਕਿ ਇਸ ਆਉਣ ਦਾ ਅਰਥ ਅਸਲ ਵਿੱਚ ਮਸੀਹ ਇਬਨੇ ਮਰੀਅਮ ਦਾ ਆਉਣਾ ਨਹੀਂ। ਸਗੋਂ ਉਪਮਾ ਵੱਜੋਂ ਇੱਕ ਮਸੀਲੇ ਮਸੀਹ (ਮਸੀਹ ਦੇ ਸਮਰੂਪ) ਦੇ ਆਉਣ ਦੀ ਖ਼ਬਰ ਦਿੱਤੀ ਗਈ ਹੈ ਜਿਸ ਦਾ ਪਾਤਰ ਇਲਾਹੀ ਆਦੇਸ਼ਾਂ ਅਤੇ ਇਲਹਾਮਾਂ ਅਨੁਸਾਰ ਇਹੀ ਨਿਮਾਣਾ ਹੈ ਅਤੇ ਮੈਨੂੰ ਪੱਕਾ ਪਤਾ ਹੈ ਕਿ ਮੇਰੇ ਇਸ ਖ਼ਿਆਲ ਦੇ ਪ੍ਰਕਾਸ਼ਿਤ ਹੋਣ ਪਿੱਛੋਂ ਜਿਸ'ਤੇ ਮੈਂ ਪ੍ਰਤਖ ਇਲਹਾਮ ਨਾਲ ਖੜ੍ਹਾ ਕੀਤਾ ਗਿਆ ਹਾਂ ਬਹੁਤ ਸਾਰੀਆਂ ਲੇਖਣੀਆਂ ਵਿਰੋਧ ਵੱਜੋਂ ਉੱਠਣਗੀਆਂ ਅਤੇ ਇੱਕ ਹੈਰਾਨੀ ਅਤੇ ਇੰਨਕਾਰ ਨਾਲ ਭਰਿਆ ਹੋਇਆ ਸ਼ੋਰ ਲੋਕਾਂ ਵਿੱਚ ਪੈਦਾ ਹੋਵੇਗਾ। ਮੇਰਾ ਇਰਾਦਾ ਸੀ ਕਿ ਮੈਂ ਕਲਾਮ ਨੂੰ ਲੰਮਾ ਕਰਨ ਤੋਂ ਬਚਾਂ ਅਤੇ ਇਤਰਾਜ਼ਾਂ ਅਤੇ ਖੰਡਨਾਂ ਦੇ ਉੱਠਣ ਸਮੇਂ ਉਨ੍ਹਾਂ ਨੂੰ ਦੂਰ ਕਰਨ ਲਈ ਵਿਸਥਾਰ ਪੂਰਵਕ ਕਾਰਨਾਂ ਅਤੇ ਦਲੀਲਾਂ ਪੇਸ਼ ਕਰਾਂ।

ਪਰ ਹੁਣ ਮੈਨੂੰ ਇਸ ਇਰਾਦੇ ਵਿੱਚ ਇਹ ਨੁਕਸ ਮਾਲੂਮ ਹੁੰਦਾ ਹੈ ਕਿ ਮੇਰੀ ਕਮਜ਼ੋਰੀ ਦੀ ਹਾਲਤ ਵਿੱਚ ਨ ਕੇਵਲ ਆਮ ਲੋਕ ਸਗੋਂ ਮੁਸਲਮਾਨਾਂ ਦੇ ਖ਼ਾਸ ਵੀ ਜੋ ਉਨ੍ਹਾਂ ਦੇ ਕੁੱਝ ਮੌਲਵੀ ਹਨ। ਆਪਣੇ ਅਣਜਾਣਪੁਣੇ ਕਰਕੇ ਜੋ ਉਨ੍ਹਾਂ ਦੀ ਡਗਮਗਾਉਂਦੀ ਅਵਸਥਾ ਨਾਲ ਭਰਿਆ ਪਿਆ ਹੈ ਅਤੇ ਭਾਵ ਇਹ ਕਿ ਇੱਕ ਪੁਰਾਣੇ ਖਿਆਲ ਤੋਂ ਪ੍ਰਭਾਵਿਤ ਹੋਣ ਕਰਕੇ ਅਜਾਈਂ ਹੀ ਮੇਰੀ ਗੱਲ੍ਹ ਨੂੰ ਰੱਦ ਕਰਨ ਲਈ ਦਾਅਵੇਦਾਰ ਦੇ ਰੂਪ ਵਿੱਚ ਖੜ੍ਹੇ ਹੋਣਗੇ ਅਤੇ ਆਪਣੇ ਦਾਅਵੇ ਦੇ ਸਮਰਥਕ ਬਣ ਕੇ ਹਰ ਹਾਲ ਉਸੇ ਦਾਅਵੇ ਦੀ ਸੱਚਾਈ ਸਾਬਤ ਹੋ ਜਾਣਾ ਚਾਹੁੰਣਗੇ। ਸੋ, ਦਾਅਵੇਦਾਰ ਬਣ ਕੇ ਮੁਕਾਬਲੇ ਉੱਤੇ ਖੜ੍ਹੇ ਹੋਣਾ ਉਨ੍ਹਾਂ ਲਈ ਅਤਿ ਔਖਾ ਹੋਵੇਗਾ। ਜਿਸ ਵਿੱਚੋਂ ਬਾਹਰ ਨਿਕਲਣਾ ਅਤੇ ਆਪਣੀ ਪ੍ਰਸਿੱਧ ਕੀਤੀ ਵਿਚਾਰਧਾਰਾ ਤੋਂ ਪਰਤਨਾ ਉਨ੍ਹਾਂ ਲਈ ਔਖਾ ਸਗੋਂ ਅਸੰਭਵ ਹੋਵੇਗਾ, ਕਿਉਂਕਿ ਹਮੇਸ਼ਾ ਇਹੋ ਦੇਖਿਆ ਜਾਂਦਾ ਹੈ ਕਿ ਜੱਦ ਕੋਈ ਮੌਲਵੀ ਇੱਕ ਵਿਚਾਰਧਾਰਾ ਨੂੰ ਬਿਨ੍ਹਾਂ ਤੱਥਾਂ ਦੇ ਪੇਸ਼ ਕਰ ਦਿੰਦਾ ਹੈ ਅਤੇ ਆਪਣਾ ਅੰਤਿਮ ਫੈਸਲਾ ਉਸ ਨੂੰ ਕਰਾਰ ਦਿੰਦਾ ਹੈ ਤਾਂ ਫਿਰ ਇਸ ਵਿਚਾਰ ਤੋਂ ਮੁੜ੍ਹਣਾ ਉਸ ਨੂੰ ਮੌਤ ਨਾਲੋਂ ਬੁਰਾ ਦਿੱਸਦਾ ਹੈ ਰੱਬ ਰਹਿਮ ਕਰੇ। ਇਸੇ ਲਈ ਮੈਂ ਇਹ ਚਾਹਿਆ ਕਿ ਇਸ ਤੋਂ ਪਹਿਲਾਂ ਕਿ ਉਹ ਮੁਕਾਬਲੇ ਉੱਤੇ ਆਣ ਕੇ ਹੱਠ ਅਤੇ ਜ਼ਿੱਦ ਦੀ ਮੁਸੀਬਤ ਵਿੱਚ ਫ਼ੱਸ ਜਾਣ ਆਪ ਹੀ ਉਨ੍ਹਾਂ ਨੂੰ ਅਜਿਹੇ ਸਾਫ਼ ਅਤੇ ਦਲੀਲਾਂ ਭਰਪੂਰ ਢੰਗ ਨਾਲ ਸਮਝਾ ਦਿੱਤਾ ਜਾਵੇ ਕਿ ਜੋ ਇੱਕ ਸਿਆਣੇ, ਇੰਨਸਾਫ਼ ਪਸੰਦ ਅਤੇ ਹੱਕ ਦੇ ਜਾਚਕ ਦੀ ਤਸੱਲੀ ਲਈ ਬਹੁਤ ਹੋਵੇ। ਜੇਕਰ ਬਾਦ

ਵਿੱਚ ਫਿਰ ਲਿੱਖਣ ਦੀ ਲੋੜ੍ਹ ਪਈ ਤਾਂ ਸੰਭਵਤਾ ਅਜਿਹੇ ਲੋਕਾਂ ਲਈ ਉਹ ਲੋੜ੍ਹ ਪੇਸ਼ ਆਵੇ ਕਿ ਜੋ ਅਥਾਹ ਭੋਲੇ ਅਤੇ ਅਣਜਾਣ ਹਨ। ਨੂੰ ਆਕਾਸ਼ੀ ਕਿਤਾਬਾਂ ਦੇ ਸੰਕੇਤਾਂ ਜਿਨ੍ਹਾਂ, ਉਪਮਾਵਾਂ, ਸ਼ਰਤਾਂ ਅਤੇ ਸੂਖ਼ਮ ਵਿਆਖਿਆਵਾਂ ਦੀ ਕੁੱਝ ਵੀ ਖ਼ਬਰ ਸਗੋਂ ਛੂਹ ਤੱਕ ਨਹੀਂ ਅਤੇ ਇੱਥੋਂ ਤੱਕ ਕਿ [1]لَا يَمَسُّهُ ਦੀ ਨਕਾਰਾਤਮਕਤਾ ਅਧੀਨ ਹਨ।

ਹੁਣ ਪਹਿਲਾਂ ਅਸੀਂ ਸਪਸ਼ਟਤਾ ਲਈ ਇਹ ਲਿੱਖਣਾ ਚਾਹੁੰਦੇ ਹਾਂ ਕਿ ਤੌਰਾਤ ਅਤੇ ਸਾਡੀਆਂ ਹਦੀਸਾਂ ਅਤੇ ਪ੍ਰਾਚੀਨ ਗ੍ਰੰਥਾਂ ਅਨੁਸਾਰ ਜਿਨ੍ਹਾਂ ਨਬੀਆਂ ਦੇ ਇਸੇ ਭੌਤਕ ਸ਼ਰੀਰ ਨਾਲ ਆਕਾਸ਼ ਵੱਲ੍ਹ ਜਾਣ ਦੀ ਕਲਪਨਾ ਕੀਤੀ ਗਈ ਹੈ। ਉਹ ਦੋ ਨਬੀ ਹਨ। ਇੱਕ ਯੂਹੱਨਾ ਜਿਸ ਦਾ ਨਾਂ ਏਲਿਆ ਅਤੇ ਇਦਰੀਸ[2] ਵੀ ਹੈ। ਦੂਜੇ ਮਸੀਹ ਇਬਨੇ ਮਰੀਅਮ ਜਿਨ੍ਹਾਂ ਨੂੰ ਈਸਾ ਅਤੇ ਯਸੂ ਵੀ ਕਹਿੰਦੇ ਹਨ। ਇਨ੍ਹਾਂ ਦੋਹਾਂ ਨਬੀਆਂ ਬਾਰੇ ਪ੍ਰਾਚੀਨ ਅਤੇ ਨਵੀਨ ਅਹਦਨਾਮੇ ਦੀਆਂ ਕੁੱਝ ਕਿਤਾਬਾਂ ਬਿਆਨ ਕਰ ਰਹੀਆਂ ਹਨ ਕਿ ਉਹ ਦੋਵੇਂ ਆਕਾਸ਼ ਵੱਲ੍ਹ ਚੁੱਕੇ ਗਏ ਅਤੇ ਫਿਰ ਕਿਸੇ ਜ਼ਮਾਨੇ'ਚ ਜ਼ਮੀਨ'ਤੇ ਉਤਰਨਗੇ ਅਤੇ ਤੁਸੀਂ ਉਨ੍ਹਾਂ ਨੂੰ ਆਕਾਸ਼ ਤੋਂ ਆਉਂਦਾ ਵੇਖੋਗੇ। ਇਨ੍ਹਾਂ ਹੀ ਕਿਤਾਬਾਂ ਨਾਲ ਮਿਲਦੇ ਜੁਲਦੇ ਕੁੱਝ ਸ਼ਬਦ ਹਦੀਸਾਂ ਵਿੱਚ ਵੀ ਪਾਏ ਜਾਂਦੇ ਹਨ। ਪਰ ਹਜ਼ਰਤ ਇਦਰੀਸ[3] ਬਾਰੇ ਜੋ ਬਾਈਬਲ ਵਿੱਚ ਯੂਹੱਨਾ ਜਾਂ ਏਲਿਆ ਦੇ ਨਾਂ ਨਾਲ

---

[1] ਲਾ-ਯਮਸੁੱਹੁ ਅਰਥਾਤ ਉਸ ਨੂੰ ਛੂਹ ਨਹੀਂ ਸਕਦਾ — ਅਨੁਵਾਦਕ

[2] ਇਲਯਾਸ ਪੜ੍ਹਿਆ ਜਾਵੇ

[3] ਇਲਯਾਸ ਪੜ੍ਹਿਆ ਜਾਵੇ

ਸੱਦੇ ਗਏ ਹਨ ਇੰਜੀਲ ਵਿੱਚ ਇਹ ਫੈਸਲਾ ਦਿੱਤਾ ਗਿਆ ਹੈ ਕਿ ਯਹਯਾ ਇਬਨੇ ਜ਼ਕਰੀਆ ਦੇ ਪੈਦਾ ਹੋਣ ਨਾਲ ਉਨ੍ਹਾਂ ਦਾ ਆਕਾਸ਼ ਤੋਂ ਆਉਣਾ ਹੋਇਆ ਹੈ । ਇਸੇ ਲਈ ਹਜ਼ਰਤ ਮਸੀਹ ਸਾਫ਼ ਸਾਫ਼ ਸ਼ਬਦਾਂ ਵਿੱਚ ਫ਼ਰਮਾਉਂਦੇ ਹਨ ਕਿ " ਯੂਹੱਨਾ ਜੋ ਆਉਣ ਵਾਲਾ ਸੀ ਇਹੋ ਹੈ ਚਾਹੋ ਤਾਂ ਸਵੀਕਾਰ ਕਰੋ " । ਸੋ, ਆਕਾਸ਼ ਉੱਤੇ ਜਾਣ ਵਾਲੇ ਇੱਕ ਨਬੀ ਬਾਰੇ ਅਤੇ ਫਿਰ ਕਿਸੇ ਸਮੇਂ ਆਉਣ ਵਾਲੇ ਅਰਥਾਤ ਯੂਹੱਨਾ ਦਾ ਮੁਕਦਮਾ ਤਾਂ ਖ਼ਤਮ ਹੋ ਗਿਆ ਅਤੇ ਫਿਰ ਆਉਣ ਦੀ ਹਕੀਕਤ ਅਤੇ ਹਾਲਤ ਪਤਾ ਲੱਗ ਗਈ । ਇਸੇ ਲਈ ਸਾਰੇ ਈਸਾਈਆਂ ਦਾ ਸਾਮੂਹਿਕ ਵਿਸ਼ਵਾਸ ਜੋ ਇੰਜੀਲ ਅਨੁਸਾਰ ਹੋਣਾ ਚਾਹੀਦਾ ਹੈ ਇਹੋ ਹੈ ਕਿ ਯੂਹੱਨਾ ਜਿਸ ਦੇ ਆਕਾਸ਼ ਉੱਤੋਂ ਆਉਣ ਦੀ ਉਡੀਕ ਸੀ । ਉਹ ਹਜ਼ਰਤ ਮਸੀਹ ਦੇ ਸਮੇਂ ਵਿੱਚ ਆਕਾਸ਼ ਉੱਤੋਂ ਇੰਝ ਉੱਤਰਿਆ ਕਿ ਜ਼ਕਰੀਆ ਦੇ ਘਰ ਉਸੇ ਸੁਭਾਅ ਅਤੇ ਖ਼ੂਬੀ ਦਾ ਪੁਤੱਰ ਪੈਦਾ ਹੋਇਆ । ਜਿਸ ਦਾ ਨਾਂ ਯਹਯਾ ਸੀ । ਹਾਂ ! ਜੱਦ ਕਿ ਯਹੂਦੀ ਉਸ ਦੇ ਆਉਣ ਦੇ ਹੁਣ ਤੱਕ ਉਡੀਕਵਾਨ ਹਨ । ਉਨ੍ਹਾਂ ਦਾ ਬਿਆਨ ਹੈ ਕਿ ਉਹ ਸੱਚਮੁਚ ਆਕਾਸ਼ ਤੋਂ ਉਤਰੇਗਾ । ਪਹਿਲਾਂ ਯੂਰੋਸ਼ਲਮ ਦੇ ਮਿਨਾਰਿਆਂ ਉੱਤੇ ਉਹ ਉਤਰੇਗਾ । ਫਿਰ ਉੱਥੋਂ ਯਹੂਦੀ ਲੋਕ ਇੱਕਠੇ ਹੋ ਕੇ ਉਸ ਨੂੰ ਕਿਸੇ ਪੌੜੀ ਆਦਿ ਰਾਹੀਂ ਹੇਠਾਂ ਉਤਾਰ ਲੈਣਗੇ ਅਤੇ ਜੱਦ ਯਹੂਦੀਆਂ ਮੋਹਰੇ ਉਹ ਵਿਆਖਿਆ ਪੇਸ਼ ਕੀਤੀ ਜਾਵੇ । ਜਿਹੜੀ ਹਜ਼ਰਤ ਮਸੀਹ ਅਲੈਹਿ ਸਲਾਮ ਨੇ ਯੂਹੱਨਾ ਦੇ ਆਉਣ ਬਾਰੇ ਦਿੱਤੀ ਹੈ ਤਾਂ ਉਹ ਝੱਟ ਹੀ ਗੁੱਸੇ

ਨਾਲ ਭਰ ਕੇ ਹਜ਼ਰਤ ਮਸੀਹ ਅਤੇ ਇੰਞ ਹੀ ਹਜ਼ਰਤ ਯਹਯਾ ਬਾਰੇ ਮੰਦੇ ਬੋਲ ਬੋਲਦੇ ਹਨ ਅਤੇ ਉਸ ਨਬੀ ਦੀ ਸਿੱਖਿਆਵਾਂ ਨੂੰ ਇੱਕ ਨਾਸਤਿਕਤਾ ਭਰਪੂਰ ਵਿਚਾਰ ਖਿਆਲ ਕਰਦੇ ਹਨ। ਸੋ, ਆਕਾਸ਼ ਤੋਂ ਆਉਣ ਦਾ ਸ਼ਬਦ ਜੋ ਪ੍ਰਤੀਕਾਤਮਕ ਰੂਪ ਰੱਖਦਾ ਹੈ। ਮਸੀਹ ਦੇ ਬਿਆਨ ਨਾਲ ਉਸ ਦੀ ਸੱਚਾਈ ਪ੍ਰਗਟ ਹੋ ਗਈ ਅਤੇ ਉਨ੍ਹਾਂ ਦੇ ਬਿਆਨ ਨਾਲ ਯੂਹੱਨਾ ਦੇ ਆਕਾਸ਼ ਉੱਤੋਂ ਆਉਣ ਦਾ ਝੱਗੜਾ ਤੈਅ ਹੋਇਆ ਅਤੇ ਇਹ ਗੱਲ੍ਹ ਖੁੱਲ੍ਹ ਗਈ ਕਿ ਆਖ਼ਰ ਆਏ ਤਾਂ ਕਿਵੇਂ ਆਏ ਪਰ ਮਸੀਹ ਦੇ ਆਉਣ ਬਾਰੇ ਹੁਣ ਤੱਕ ਵੱਡੇ ਜੋਸ਼ ਨਾਲ ਬਿਆਨ ਕੀਤਾ ਜਾਂਦਾ ਹੈ ਕਿ ਉਹ ਸ਼ਾਨਦਾਰ ਅਤੇ ਸ਼ਾਹੀ ਵਸਤਰ, ਕੀਮਤੀ ਪੁਸ਼ਾਕ ਪਾਏ ਹੋਏ[1] ਫ਼ਰਿਸ਼ਤੀਆਂ ਨਾਲ ਆਕਾਸ਼ ਤੋਂ ਆਏਗਾ। ਪਰ ਇਨ੍ਹਾਂ ਦੋਹਾਂ ਕੌਮਾਂ ਦੀ ਇਸ ਉੱਤੇ ਸਹਿਮਤੀ ਨਹੀਂ ਕਿ ਕਿੱਥੇ ਆਏਗਾ, ਮੱਕਾ ਮੁਅੱਜ਼ਮਾ ਵਿੱਚ ਜਾਂ ਲੰਡਨ ਦੇ ਕਿਸੇ ਚਰਚ ਵਿੱਚ ਜਾਂ ਮਾਸਕੋ ਦੇ ਸ਼ਾਹੀ ਗਿਰਜੇ ਵਿੱਚ। ਜੇਕਰ ਈਸਾਈਆਂ ਨੂੰ ਪੁਰਾਣੇ ਵਿਚਾਰਾਂ ਦੀ ਨਕਲ ਰੋਕ ਨ ਹੋਵੇ ਤਾਂ ਉਹ ਮੁਸਲਮਾਨਾਂ ਦੀ ਤੁਲਣਾ ਬਹੁਤ ਛੇਤੀ ਸਮਝ ਸਕਦੇ ਹਨ ਕਿ ਮਸੀਹ ਦਾ ਆਉਣਾ ਉਨ੍ਹਾਂ ਅਰਥਾਂ ਅਨੁਸਾਰ

---

[1] ਇਹ ਕੀਮਤੀ ਵਸਤਰ ਪਸ਼ਮੀਨੇ ਜਾਂ ਰੇਸ਼ਮ ਦੇ ਹੋਣਗੇ ? ਜਿਵੇਂ ਚੂੜ੍ਹੀ ਦਾਰ, ਗੁਲਬਦਨ, ਸੋਨਾ, ਕਮਖ਼ਵਾਬ, ਜ਼ਰਬਫ਼ਤ, ਜ਼ਰੀ ਲਾਹੀ ਜਾਂ ਮਾਮੂਲੀ ਸੂਤੀ ਕੱਪੜ੍ਹੇ ਜਿਵੇਂ ਨੈਨ ਸੁਖ, ਤਨ ਜ਼ੈਬ, ਇੰਗ ਚਿਕਨ, ਗੁਲਸ਼ਨ, ਮਲਮਲ, ਜਾਲੀ, ਖ਼ਾਸਾ, ਡੋਰੀਆ, ਚਾਰ ਖਾਨਾ (ਇਹ ਸਾਰੇ ਕੀਮਤੀ ਪੁਸ਼ਾਕ ਦੇ ਪ੍ਰਚਲਿਤ ਨਾਂ ਹਨ-ਅਨੁਵਾਦਕ) ਅਤੇ ਕਿਸ ਨੇ ਆਕਾਸ਼ ਵਿੱਚ ਬੁਣੇ ਅਤੇ ਕਿਸ ਨੇ ਸੀਤੇ ਹੋਣਗੇ ਹੁਣ ਤੱਕ ਕਿਸੇ ਨੇ ਮੁਸਲਮਾਨਾਂ ਜਾਂ ਈਸਾਈਆਂ'ਚੋਂ ਇਸ ਦਾ ਕੁੱਝ ਥੁਹ ਪਤਾ ਨਹੀਂ ਦਿੱਤਾ।

ਹੀ ਹੋਣਾ ਚਾਹੀਦਾ ਹੈ। ਜੋ ਆਪ ਹਜ਼ਰਤ ਮਸੀਹ ਦੇ ਬਿਆਨ ਨਾਲ ਸਾਫ਼ ਸ਼ਬਦਾਂ ਵਿੱਚ ਪਤਾ ਲੱਗ ਚੁੱਕਿਆ ਹੈ ਕਿਉਂਕਿ ਇਹ ਸੰਭਵ ਨਹੀਂ ਕਿ ਇੱਕ ਹੀ ਅਵਸਥਾ ਦੇ ਦੋ ਕਰਮ ਦੋ ਵਿਪਰੀਤ ਅਰਥਾਂ'ਤੇ ਅਧਾਰਤ ਹੋ ਸਕਣ। ਇਹ ਗੱਲ੍ਹ ਵਿਦਵਾਨਾਂ ਦੇ ਧਿਆਨ ਦੇਣ ਯੋਗ ਹੈ ਕਿ ਜੇਕਰ ਹਜ਼ਰਤ ਮਸੀਹ ਦੀ ਉਹ ਵਿਆਖਿਆ ਜੋ ਉਨ੍ਹਾਂ ਨੇ ਯੂਹੱਨਾ ਦੇ ਆਕਾਸ਼ ਤੋਂ ਆਉਣ ਬਾਰੇ ਕੀਤੀ ਹੈ। ਵਾਸਤਵ ਵਿੱਚ ਠੀਕ ਹੈ ਤਾਂ ਕੀ ਹਜ਼ਰਤ ਮਸੀਹ ਦੇ ਆਉਣ ਦੇ ਮੁਕੱਦਮੇ ਵਿੱਚ ਜੋ ਇਸੇ ਪਹਿਲੇ ਮੁਕੱਦਮੇ ਦੀ ਸਮਰੂਪ ਹੈ। ਇਨ੍ਹਾਂ ਅਰਥਾਂ ਨੂੰ ਕੰਮ ਵਿੱਚ ਨਹੀਂ ਲਿਆਉਣਾ ਚਾਹੀਦਾ ਹੈ। ਜਿਸ ਅਵਸਥਾ ਵਿੱਚ ਇੱਕ ਨਬੀ ਇਸ ਗੁੱਝੇ ਭੇਦ ਦੀ ਵਾਸਤਵਿਕਤਾ ਖੋਲ੍ਹ ਚੁੱਕਿਆ ਹੈ ਅਤੇ ਕਾਨੂੰਨੇ ਕੁਦਰਤ ਵੀ ਇਸੇ ਨੂੰ ਚਾਹੁੰਦਾ ਅਤੇ ਇਸੇ ਨੂੰ ਮੰਨ੍ਹਦਾ ਹੈ, ਤਾਂ ਫਿਰ ਇਹ ਸਾਫ਼ ਅਤੇ ਸਿੱਧਾ ਰਾਹ ਛੱਡ ਕੇ ਇੱਕ ਔਖੇ, ਵਲੇਵੇਂਦਾਰ ਅਤੇ ਖੰਡਨ ਯੋਗ ਰਾਹ ਆਪਣੇ ਵੱਲੋਂ ਪੁੱਟਣਾ ਕਿਵੇਂ ਮਨ੍ਹਣਯੋਗ ਠਹਿਰ ਸਕਦਾ ਹੈ। ਕੀ ਵਿਦਵਾਨ ਅਤੇ ਈਮਾਨਦਾਰ ਲੋਕਾਂ ਦਾ ਕਾਨਸ਼ੰਸ ਜਿਸ ਨੂੰ ਮਸੀਹ ਦੇ ਬਿਆਨ ਨਾਲ ਵੀ ਪੂਰੀ ਪੂਰੀ ਮਦਦ ਮਿਲ ਗਈ ਹੈ। ਕਿਸੇ ਹੋਰ ਪਾਸੇ ਆਪਣਾ ਮੂੰਹ ਕਰ ਸਕਦਾ ਹੈ ਅਤੇ ਈਸਾਈ ਲੋਕ ਤਾਂ ਉਸੇ ਸਮੇਂ ਤੋਂ ਦਸ ਸਾਲ ਪਹਿਲਾਂ ਆਪਣੀ ਇਹ ਭਵਿੱਖਬਾਣੀ ਅੰਗਰੇਜ਼ੀ ਅਖਬਾਰਾਂ ਰਾਹੀਂ ਪ੍ਰਕਾਸ਼ਿਤ ਕਰ ਚੁੱਕੇ ਹਨ ਕਿ ਤਿੰਨ ਸਾਲ ਤੱਕ ਮਸੀਹ ਆਕਾਸ਼ ਤੋਂ ਉਤਰਣ ਵਾਲਾ ਹੈ। ਹੁਣ ਜੋ ਰੱਬ ਨੇ ਉਸ ਆਉਣ ਵਾਲੇ ਦਾ ਨਿਸ਼ਾਨ ਦਿੱਤਾ ਤਾਂ ਮਸੀਹੀਆਂ ਉੱਤੇ ਲਾਜ਼ਮ ਹੈ ਕਿ ਸਭ ਤੋਂ ਪਹਿਲਾਂ ਉਹੀ ਉਸ

ਨੂੰ ਸਵੀਕਾਰ ਕਰਨ ਤਾਂ ਜੋ ਆਪਣੀ ਭਵਿੱਖਬਾਣੀ ਦੇ ਆਪ ਹੀ ਇੰਨਕਾਰੀ ਨ ਠਹਿਰਣ ।

ਈਸਾਈ ਇਸ ਗੱਲ੍ਹ ਉੱਤੇ ਵੀ ਯਕੀਨ ਰੱਖਦੇ ਹਨ ਕਿ ਹਜ਼ਰਤ ਮਸੀਹ ਚੁੱਕੇ ਜਾਣ ਮਗਰੋਂ ਸਵਰਗ ਵਿੱਚ ਦਾਖਲ ਹੋ ਗਏ । ਲੂਕਾ ਦੀ ਇੰਜੀਲ ਵਿੱਚ ਆਪ ਹਜ਼ਰਤ ਮਸੀਹ ਇੱਕ ਚੋਰ ਨੂੰ ਤਸੱਲੀ ਦਿੰਦਿਆਂ ਕਹਿੰਦੇ ਹਨ ਕਿ " ਅੱਜ ਤੂੰ ਮੇਰੇ ਨਾਲ ਸਵਰਗ ਵਿੱਚ ਦਾਖ਼ਲ ਹੋਵੇਗਾ "[1] ਅਤੇ ਈਸਾਈਆਂ ਦੀ ਵੀ ਇਹ ਇੱਕ ਸਾਮੂਹਿਕ ਆਸਥਾ ਹੈ ਕਿ ਕੋਈ ਬੰਦਾ ਸਵਰਗ ਵਿੱਚ ਦਾਖ਼ਲ ਹੋ ਕੇ ਫਿਰ ਇਸ ਵਿੱਚੋਂ ਕੱਢਿਆ ਨਹੀਂ ਜਾਵੇਗਾ ਭਾਵੇਂ ਕਿੰਨ੍ਹਾ ਹੀ ਘੱਟੀਆ ਬੰਦਾ ਹੋਵੇ । ਸੋ, ਇਹੋ ਅਕੀਦਾ ਮੁਸਲਮਾਨਾਂ ਦਾ ਵੀ ਹੈ । ਰੱਬ ਕੁਰਆਨ ਸ਼ਰੀਫ਼ ਵਿੱਚ ਫ਼ਰਮਾਉਂਦਾ ਹੈ :

وَمَا هُمْ مِنْهَا بِمُخْرَجِينَ[2]

ਅਰਥਾਤ ਜੋ ਸਵਰਗ ਵਿੱਚ ਦਾਖ਼ਲ ਕੀਤੇ ਜਾਣਗੇ । ਫਿਰ ਉਸ ਵਿੱਚੋਂ ਕੱਢੇ ਨਹੀਂ ਜਾਣਗੇ ਅਤੇ ਕੁਰਆਨ ਸ਼ਰੀਫ ਵਿੱਚ ਜੱਦ ਕਿ ਹਜ਼ਰਤ ਮਸੀਹ ਦੇ ਸਵਰਗ ਵਿੱਚ ਦਾਖ਼ਲ ਹੋਣ ਦਾ ਵਿਸਥਾਰਪੂਰਵਕ ਕਿੱਥੇ ਵੀ ਵਰਨਣ ਨਹੀਂ । ਪਰ ਉਨ੍ਹਾਂ ਦੀ ਮੌਤ ਦਾ ਤਿੰਨ ਥਾਂ ਵਰਨਣ ਹੈ[3]

---

[1] ਵੇਖੋ ਇੰਜੀਲ ਲੂਕਾ ਬਾਬ 23 ਆਇਤ 43

[2] ਅਲਹਿਜਰ : 49

[3]{فَلَمَّا تَوَفَّيْتَنِي كُنتَ أَنتَ الرَّقِيبَ عَلَيْهِمْ} ਅਲਮਾਇਦਾਹ : 118

{وَإِن مِّنْ أَهْلِ الْكِتَابِ إِلَّا لَيُؤْمِنَنَّ بِهِ قَبْلَ مَوْتِهِ} ਅਨਿੱਸਾ : 160

{إِذْ قَالَ اللَّهُ يَا عِيسَىٰ إِنِّي مُتَوَفِّيكَ وَرَافِعُكَ إِلَيَّ} ਆਲੇ-ਇਮਰਾਨ : 56

ਅਤੇ ਪਵਿੱਤਰ ਬੰਦਿਆਂ ਲਈ ਮੌਤ ਪਾਉਣਾ ਅਤੇ ਸਵਰਗ ਵਿੱਚ ਦਾਖ਼ਲ ਹੋਣਾ ਇੱਕੋ ਆਦੇਸ਼ ਵਿੱਚ ਹੈ । ਕਿਉਂਕਿ ਆਇਤ

قِيلَ ادْخُلِ الْجَنَّةَ[1]   وَادْخُلِي جَنَّتِي[2]

ਅਨੁਸਾਰ ਉਹ ਬਿਨ੍ਹਾਂ ਦੇਰ ਕੀਤੇ ਸਵਰਗ ਵਿੱਚ ਦਾਖ਼ਲ ਹੁੰਦੇ ਹਨ। ਹੁਣ ਮੁਸਲਮਾਨਾਂ ਅਤੇ ਈਸਾਈਆਂ ਦੋਹਾਂ ਉੱਤੇ ਲਾਜ਼ਮ ਹੈ ਕਿ ਇਸ ਗੱਲ੍ਹ ਨੂੰ ਧਿਆਨ ਨਾਲ ਪਰਖਣ ਕਿ ਕੀ ਇਹ ਸੰਭਵ ਹੈ ਕਿ ਇੱਕ ਮਸੀਹ ਜਿਹੇ ਪਿਆਰੇ ਬੰਦੇ ਨੂੰ ਸਵਰਗ ਵਿੱਚ ਦਾਖ਼ਲ ਕਰਕੇ ਫ਼ਿਰ ਉਸ ਵਿੱਚੋਂ ਬਾਹਰ ਕੱਢਿਆ ਜਾਵੇ ? ਕੀ ਇਸ ਵਿੱਚ ਰੱਬ ਦੇ ਉਸ ਵਾਅਦੇ ਦੀ ਉਲੰਘਣਾ ਨਹੀਂ ਹੈ। ਜੋ ਉਸ ਦੀ ਸਾਰੀ ਪਾਕ ਕਿਤਾਬਾਂ ਵਿੱਚ ਨਿਰੰਤਰ ਅਤੇ ਵਿਸਥਾਰ ਵਿੱਚ ਮੌਜੂਦ ਹੈ ? ਕਿ ਸਵਰਗ ਵਿੱਚ ਦਾਖ਼ਲ ਹੋਣ ਵਾਲੇ ਫ਼ਿਰ ਇਸ ਵਿੱਚੋਂ ਕੱਢੇ ਨਹੀਂ ਜਾਣਗੇ। ਕੀ ਅਜਿਹੇ ਪਵਿੱਤਰ ਅਤੇ ਪੱਕੇ ਵਾਅਦੇ ਦਾ ਟੁੱਟ ਜਾਣਾ ਰੱਬ ਦੇ ਸਾਰੇ ਵਚਨਾਂ ਉੱਤੇ ਇੱਕ ਸੱਖ਼ਤ ਭੁਚਾਲ ਨਹੀਂ ਲਿਆਉਂਦਾ ? ਇਹ ਨਿਸ਼ਚਿਤ ਸਮਝੋ ਕਿ ਅਜਿਹਾ ਯਕੀਨ ਰੱਖਣ ਨਾਲ ਨ ਕੇਵਲ ਮਸੀਹ ਉੱਤੇ ਨਜਾਇਜ਼ ਮੁਸੀਬਤ ਪਾਉਗੇ। ਸਗੋਂ ਇੰਨ੍ਹਾਂ ਵਿਅਰਥ ਗੱਲ੍ਹਾਂ ਨਾਲ ਰੱਬ ਦੀ ਸ਼ਾਨ ਵਿੱਚ ਘਾਟਾ ਕਰੋਗੇ ਅਤੇ ਇਸ ਨਾਲ ਵੱਡੀ ਬੇਅਦਬੀ ਹੋਵੇਗੀ। ਇਸ ਗੱਲ੍ਹ ਨੂੰ ਬੜ੍ਹੇ ਧਿਆਨ ਅਤੇ ਡੂੰਘਾਈ ਨਾਲ ਵਾਚਣਾ ਚਾਹੀਦਾ ਹੈ ਕਿ ਇੱਕ ਛੋਟੇ ਜਿਹੇ ਯਕੀਨ ਨਾਲ ਜਿਸ ਤੋਂ ਛੁਟਕਾਰਾ ਪਾਉਣ ਲਈ

[1] ਯਾਸੀਨ:27

[2] ਅਲੱਫ਼ਜਰ:31

ਉਪਮਾ ਦੀ ਰਾਹ ਮੌਜੂਦ ਹੈ। ਵੱਡੀ ਵੱਡੀ ਧਾਰਮਿਕ ਸੱਚਾਈਆਂ ਤੁਹਾਡੇ ਹੱਥੋਂ ਮਰਦੀਆਂ ਹਨ ਅਤੇ ਅਸਲ ਵਿੱਚ ਇਹ ਇੱਕ ਅਜਿਹੀ ਝੂਠੀ ਆਸਥਾ ਹੈ। ਜਿਸ ਵਿੱਚ ਹਜ਼ਾਰਾਂ ਖਰਾਬੀਆਂ ਅਤੇ ਗੰਭੀਰ ਉਲਝਣਾ ਦੇ ਨਾਲ ਅਨੇਕਾਂ ਹੀ ਗੰਢਾਂ ਲੱਗੀਆਂ ਹੋਈਆਂ ਹਨ ਅਤੇ ਦੁਸ਼ਮਨਾਂ ਨੂੰ ਹਾਸੇ ਅਤੇ ਠੱਠੇ ਲਈ ਮੌਕਾ ਹੱਥ ਆਉਂਦਾ ਹੈ। ਮੈਂ ਪਹਿਲਾਂ ਵੀ ਵਰਨਣ ਕੀਤਾ ਹੈ ਕਿ ਇਹੋ ਚਮਤਕਾਰ ਮੱਕੇ ਦੇ ਕੁੱਫ਼ਾਰਾਂ ਨੇ ਸਾਡੇ ਸੱਯਦ-ਓ-ਮੌਲਾ ਹਜ਼ਰਤ ਖਾਤਮ-ਉੱਲ-ਅੰਬੀਆ ਤੋਂ ਮੰਗੀਆਂ ਸੀ ਕਿ ਆਕਾਸ਼ ਉੱਤੇ ਸਾਡੇ ਸਾਹਮਣੇ ਚੜ੍ਹੋ ਅਤੇ ਸਾਹਮਣੇ ਹੀ ਪਰਤੋ ਅਤੇ ਉਨ੍ਹਾਂ ਨੂੰ ਜਵਾਬ ਮਿਲਿਆ ਸੀ ਕਿ قُلْ سُبْحَانَ رَبِّيْ[1] ਅਰਥਾਤ ਰੱਬ ਦੀ ਸ਼ਾਨ ਇਸ ਤੋਂ ਪਾਕ ਹੈ ਕਿ ਅਜਿਹੇ ਖੁੱਲ੍ਹੇ ਖੁੱਲ੍ਹੇ ਅਲੌਕਿਕ ਚਮਤਕਾਰ ਇਸ ਸੰਸਾਰ ਵਿੱਚ ਵਿਖਾਏ ਅਤੇ ਗ਼ੈਬ ਦੀ ਹਿਕਮਤ ਨੂੰ ਖ਼ਤਮ ਕਰੇ।

ਹੁਣ ਮੈਂ ਕਹਿੰਦਾ ਹਾਂ ਕਿ ਜੋ ਗੱਲ੍ਹ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਲਈ, ਜੋ ਸਰਵੋਤਮ ਨਬੀ ਸਨ, ਯੋਗ ਨਹੀਂ ਅਤੇ ਰੱਬ ਦੀ ਸੁੰਨਤ ਤੋਂ ਬਾਹਰ ਸੱਮਝਿਆ ਗਿਆ। ਉਹ ਹਜ਼ਰਤ ਮਸੀਹ ਲਈ ਕਿਵੇਂ ਯੋਗ ਹੋ ਸਕਦਾ ਹੈ ? ਇਹ ਕਮਾਲ ਬੇਅਦਬੀ ਹੋਵੇਗੀ ਕਿ ਅਸੀਂ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਬਾਰੇ ਇੱਕ ਕਮਾਲ ਨੂੰ ਦੂਰ-ਦੁਰਾਡੇ ਸਮਝੀਏ ਅਤੇ ਫ਼ਿਰ ਉਸੇ ਕਮਾਲ ਨੂੰ ਮਸੀਹ ਦੇ ਨੇੜ੍ਹੇ ਵੀ

[1] ਬਨੀ ਇਸਰਾਈਲ : 94

ਸਮਝੀਏ । ਇੱਕ ਸੱਚੇ ਮੁਸਲਮਾਨ ਤੋਂ ਅਜਿਹੀ ਗੁਸਤਾਖ਼ੀ ਹੋ ਸਕਦੀ ਹੈ ? ਕਦੇ ਨਹੀਂ ਅਤੇ ਇਹ ਗੱਲ੍ਹ ਵੀ ਦੱਸਣ ਯੋਗ ਹੈ ਕਿ ਇਹ ਉਪਰੋਕਤ ਖਿਆਲ ਜੋ ਕੁੱਝ ਸਮੇਂ ਤੋਂ ਮੁਸਲਮਾਨਾਂ ਵਿੱਚ ਫ਼ੈਲ੍ਹ ਗਿਆ ਹੈ। ਸਹੀ ਤੌਰ ਉੱਤੇ ਸਾਡੀ ਕਿਤਾਬਾਂ ਵਿੱਚ ਉਸ ਦਾ ਥਹੁ ਪਤਾ ਨਹੀਂ ਸਗੋਂ ਹਦੀਸਾਂ ਨੂੰ ਗ਼ਲਤ ਸਮਝਣ ਦਾ ਇਹ ਇੱਕ ਗ਼ਲਤ ਨਤੀਜਾ ਹੈ ਜਿਸ ਨਾਲ ਕਈ ਵਾਧੂ ਹਾਸ਼ੀਏ ਲਾ ਦਿੱਤੇ ਗਏ ਹਨ ਅਤੇ ਅਰਥਹੀਨ ਵਿਸ਼ਿਆਂ ਰਾਹੀਂ ਉਨ੍ਹਾਂ ਨੂੰ ਰੌਣਕ ਦਿੱਤੀ ਗਈ ਹੈ ਅਤੇ ਸਾਰੇ ਉਹ ਮਾਮਲੇ ਨਜ਼ਰ ਅੰਦਾਜ਼ ਕੀਤੇ ਗਏ ਹਨ। ਜੋ ਅਸਲ ਉਦੇਸ਼ ਦੇ ਮਾਰਗ ਦਰਸ਼ਕ ਹੋ ਸਕਦੇ ਹਨ । ਇਸ ਬਾਰੇ ਬਹੁਤ ਸਾਫ਼ ਅਤੇ ਸਪਸ਼ਟ ਹਦੀਸ ਉਹ ਹੈ । ਜੋ ਇਮਾਮ ਮੁਹੰਮਦ ਇਸਮਾਈਲ ਬੁਖਾਰੀ ਰਹਿਮਾਹੁਲ੍ਹਾ ਨੇ ਆਪਣੀ ਸਹੀ ਵਿੱਚ ਅਬੂ ਹੁਰੇਰਾ ਰਜ਼ੀ ਅੱਲਾਹ ਅੰਨਹੁ ਰਾਹੀਂ ਬਿਆਨ ਕੀਤੀ ਹੈ ਅਤੇ ਉਹ ਇਹ ਹੈ :

كيف انتم اذا نزل ابن مريم فيكم وامامكم منكم[1]

ਅਰਥਾਤ ਉਸ ਦਿਨ ਤੁਹਾਡਾ ਕੀ ਹਾਲ ਹੋਵੇਗਾ । ਜੱਦ ਇਬਨੇ ਮਰੀਅਮ ਤੁਹਾਡੇ ਵਿੱਚ ਆਏਗਾ। ਉਹ ਕੌਣ ਹੈ ? ਉਹ ਤੁਹਾਡਾ ਹੀ ਇੱਕ ਇਮਾਮ ਹੋਵੇਗਾ। ਜੋ ਤੁਹਾਡੇ ਵਿੱਚੋਂ ਹੀ ਪੈਦਾ ਹੋਵੇਗਾ । ਇਸ ਹਦੀਸ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਨੇ ਸਾਫ਼ ਕਿਹਾ ਕਿ ਇਬਨੇ ਮਰੀਅਮ ਤੋਂ ਇਹ ਨ ਖਿਆਲ ਕਰੋ ਕਿ ਸੱਚਮੁਚ ਮਸੀਹ

[1] ਬੁਖ਼ਾਰੀ ਕਿਤਾਬ ਅਹਾਦੀਸ-ਉਲ-ਅੰਬੀਆ ਬਾਬ ਨਜ਼ੂਲੇ ਈਸਾ ਇਬਨੇ ਮਰੀਅਮ ਅਲੈਹਿਮੁੱਸਲਾਮ ਅਨੁਵਾਦਕ

ਇਬਨੇ ਮਰੀਅਮ ਹੀ ਆਏਗਾ। ਸਗੋਂ ਇਹ ਨਾਂ ਤਾਂ ਕੇਵਲ ਉਪਮਾ ਵੱਜੋਂ ਬਿਆਨ ਕੀਤਾ ਗਿਆ ਹੈ। ਨਹੀਂ ਤਾਂ ਅਸਲ ਵਿੱਚ ਉਹ ਤੁਹਾਡੇ ਵਿੱਚੋਂ ਤੁਹਾਡੀ ਹੀ ਕੌਮ ਵਿੱਚੋਂ ਤੁਹਾਡਾ ਇੱਕ ਇਮਾਮ ਹੋਵੇਗਾ। ਜੋ ਇਬਨੇ ਮਰੀਅਮ ਦੀ ਖ਼ੂਬੀਆਂ ਉੱਤੇ ਪੈਦਾ ਕੀਤਾ ਜਾਵੇਗਾ । ਇੱਥੇ ਪੁਰਾਣੇ ਵਿਚਾਰ ਦੇ ਲੋਕ ਇਸ ਹਦੀਸ ਦੇ ਅਰਥ ਇੰਝ ਕਰਦੇ ਹਨ ਕਿ ਜੱਦ ਹਜ਼ਰਤ ਮਸੀਹ ਆਕਾਸ਼ ਉੱਤੋਂ ਆਉਣਗੇ ਤਾਂ ਉਹ ਆਪਣੀ ਨਬੁੱਵਤ ਦੀ ਪਦਵੀ ਤੋਂ ਇਸਤੀਫ਼ਾ ਦੇ ਕੇ ਆਉਣਗੇ। ਇੰਜੀਲ ਨਾਲ ਉਨ੍ਹਾਂ ਨੂੰ ਕੁੱਝ ਮੱਤਲਬ ਨਹੀ ਹੋਵੇਗਾ। ਮੁਸਲਮਾਨ ਬਣ ਕੇ ਕੁਰਆਨ ਸ਼ਰੀਫ ਉੱਤੇ ਅਮਲ ਕਰਨਗੇ । ਪੰਜ ਵਕਤ ਨਮਾਜ਼ ਪੜ੍ਹਣਗੇ ਅਤੇ ਮੁਸਲਮਾਨ ਅਖਵਾਉਣਗੇ । ਪਰ ਇਹ ਬਿਆਨ ਨਹੀਂ ਕੀਤਾ ਗਿਆ ਕਿ ਕਿਉਂ ਅਤੇ ਕਿਵੇਂ ਇਹ ਗਿਰਾਵਟ ਉਨ੍ਹਾਂ ਨੂੰ ਪੇਸ਼ ਆਵੇਗੀ। ਸੋ, ਇੰਝ ਸਾਡੇ ਮੁਸਲਮਾਨ ਮੁਹੰਮਦੀ ਭਰਾਵਾਂ ਨੇ ਆਪ ਹੀ ਮੰਨ ਲਿਆ ਹੈ ਕਿ ਇਬਨੇ ਮਰੀਅਮ ਉਸ ਦਿਨ ਮੁਸਲਮਾਨ ਹੋਣਗੇ। ਜੋ ਆਪਣੇ ਆਪ ਨੂੰ ਮੁਸਲਮਾਨਾਂ ਵਿੱਚੋਂ ਪ੍ਰਕਟ ਕਰਣਗੇ ਅਤੇ ਆਪਣੀ ਕਿਤਾਬ ਦਾ ਨਾਂ ਵੀ ਨਹੀਂ ਲੈਣਗੇ, ਜੋ ਪਹਿਲਾਂ ਉਸ ਨੂੰ ਦਿੱਤੀ ਗਈ ਸੀ ਅਤੇ ਅਸਲ ਵਿੱਚ ਇਹੋ ਇੱਕ ਭਾਰੀ ਮੁਸ਼ਕਿਲ ਹੈ ਕਿ ਜੋ ਉਪਮਾ ਨੂੰ ਸੱਚਾਈ ਮੰਨ ਲੈਣ ਨਾਲ ਸਾਡੇ ਭਰਾਵਾਂ ਨੂੰ ਪੇਸ਼ ਆਈ ਹੈ। ਜਿਸ ਕਰਕੇ ਉਨ੍ਹਾਂ ਨੂੰ ਇੱਕ ਨਬੀ ਦਾ ਆਪਣੀ ਨਬੁੱਵਤ ਤੋਂ ਵਾਂਝਾ ਹੋਣਾ ਮੰਨ੍ਹਣਾ ਪਿਆ । ਜੇਕਰ ਉਹ ਉਨ੍ਹਾਂ ਸਾਫ਼ ਅਤੇ ਸਿੱਧੇ ਅਰਥਾਂ ਨੂੰ ਮੰਨ ਲੈਣ ਜੋ

ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੇ ਪਾਕ ਸ਼ਬਦਾਂ ਨਾਲ ਪਾਏ ਜਾਂਦੇ ਹਨ। ਜਿਨ੍ਹਾਂ ਅਨੁਸਾਰ ਪਹਿਲਾਂ ਹਜ਼ਰਤ ਮਸੀਹ ਯੂਹੱਨਾ ਨਬੀ ਬਾਰੇ ਬਿਆਨ ਕਰ ਚੁੱਕੇ ਹਨ ਤਾਂ ਉਹ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਤੋਂ ਬੱਚ ਜਾਣਗੇ। ਨ ਹਜ਼ਰਤ ਮਸੀਹ ਦੀ ਰੂਹ ਨੂੰ ਸਵਰਗੋਂ ਕੱਢਣ ਦੀ ਲੋੜ੍ਹ ਪਏਗੀ ਅਤੇ ਨ ਉਸ ਪੱਵਿਤਰ ਨਬੀ ਦਾ ਨਬੁੱਵਤ ਤੋਂ ਵੱਖ ਹੋਣਾ ਮੰਨ੍ਹਣਾ ਪਏਗਾ ਅਤੇ ਨ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੀ ਸ਼ਾਨ ਵਿੱਚ ਹਾਸ-ਵਿਅੰਗ ਦੇ ਦੋਸ਼ੀ ਹੋਣਗੇ ਅਤੇ ਨ ਕੁਰਆਨੀ ਹੁਕਮ ਦੇ ਰੱਦ ਹੋਣ ਦਾ ਇੱਕਰਾਰ ਕੀਤਾ ਜਾਵੇਗਾ। ਸ਼ਾਇਦ ਅੰਤਿਮ ਬਹਾਨਾ ਸਾਡੇ ਭਰਾਵਾਂ ਦਾ ਇਹ ਹੋਵੇ ਕਿ ਕੁੱਝ ਸ਼ਬਦ ਜਿਹੜ੍ਹੇ ਸਹੀ ਹਦੀਸਾਂ ਵਿੱਚ ਹਜ਼ਰਤ ਮਸੀਹ ਦੀ ਅਲਾਮਤਾਂ ਵਿੱਚ ਬਿਆਨ ਕੀਤੇ ਗਏ ਹਨ ਉਨ੍ਹਾਂ ਦਾ ਅਰਥ ਕਿਵੇਂ ਕਰੀਏ। ਉਦਾਹਰਣ ਵੱਜੋਂ ਲਿੱਖਿਆ ਹੈ ਕਿ ਮਸੀਹ ਜੱਦ ਆਏਗਾ ਤਾਂ ਸਲੀਬ ਨੂੰ ਤੋੜੇਗਾ ਅਤੇ ਜਿਜ਼ਯੇ ਨੂੰ ਚੁੱਕੇਗਾ ਅਤੇ ਸੁਅਰਾਂ ਨੂੰ ਕਤਲ ਕਰੇਗਾ ਅਤੇ ਉਸ ਸਮੇਂ ਆਏਗਾ ਕਿ ਜੱਦ ਯਹੂਦੀਆਂ ਅਤੇ ਇਸਾਈਆਂ ਦੇ ਕੁਕਰਮ ਮੁਸਲਮਾਨਾਂ ਵਿੱਚ ਫੈਲ੍ਹ ਜਾਣਗੇ। ਮੈਂ ਕਹਿੰਦਾ ਹਾਂ ਕਿ ਸਲੀਬ ਦੇ ਤੋੜ੍ਹਨ ਦਾ ਮੱਤਲਬ ਕੋਈ ਬਾਹਰੀ ਲੜ੍ਹਾਈ ਨਹੀਂ। ਸਗੋਂ ਰੂਹਾਨੀ ਰੂਪ ਵਿੱਚ ਈਸਾਈ ਧਰਮ ਨੂੰ ਤੋੜ੍ਹਣਾ ਅਤੇ ਉਸ ਦਾ ਝੂੱਠ ਸਾਬਤ ਕਰਕੇ ਦਿਖਾਉਣਾ ਮੱਤਲਬ ਹੈ ਜਿਜ਼ਯਾ ਚੁੱਕਣ ਦਾ ਅਰਥ ਸਪਸ਼ਟ ਹੈ। ਜਿਸ ਨਾਲ ਇਹ ਸੰਕੇਤ ਹੈ ਕਿ ਉਨ੍ਹਾਂ ਦਿਨਾਂ ਵਿੱਚ ਦਿਲ੍ਹ ਆਪਣੇ ਆਪ ਸੱਚਾਈ ਅਤੇ ਹੱਕ ਵੱਲ੍ਹ

ਖਿੱਚੇ ਜਾਣਗੇ। ਕਿਸੇ ਲੜ੍ਹਾਈ ਦੀ ਲੋੜ੍ਹ ਨਹੀਂ ਹੋਵੇਗੀ। ਆਪਣੇ ਆਪ ਅਜਿਹੀ ਹਵਾ ਚਲ੍ਹੇਗੀ ਕਿ ਦੱਲਾਂ ਦੇ ਦੱਲ ਅਤੇ ਫ਼ੌਜਾਂ ਦੀ ਫ਼ੌਜਾਂ ਇਸਲਾਮ ਵਿੱਚ ਦਾਖ਼ਲ ਹੋਣਗੀਆਂ। ਫ਼ਿਰ ਜੱਦ ਇਸਲਾਮ ਧਰਮ ਵਿੱਚ ਦਾਖ਼ਲ ਹੋਣ ਦਾ ਦਰਵਾਜ਼ਾ ਖੁੱਲ੍ਹ ਜਾਵੇਗਾ ਅਤੇ ਇੱਕ ਦੁਨੀਆਂ ਇਸ ਧਰਮ ਨੂੰ ਮੰਨ੍ਹ ਲਵੇਗੀ ਤਾਂ ਫ਼ਿਰ ਜਿਜ਼ਯਾ ਕਿਸ ਤੋਂ ਲਿਆ ਜਾਵੇਗਾ। ਪਰ ਇਹ ਸਭ ਕੁੱਝ ਇੱਕੋ ਵਾਰ ਵਿੱਚ ਨਹੀਂ ਹੋਵੇਗਾ। ਹਾਂ ਹੁਣ ਤੋਂ ਹੀ ਉਸ ਦਾ ਆਧਾਰ ਬੰਨ੍ਹਿਆ ਜਾਵੇਗਾ ਅਤੇ ਸੂਅਰਾਂ ਤੋਂ ਭਾਵ ਉਹ ਲੋਕ ਹਨ। ਜਿਨ੍ਹਾਂ ਵਿੱਚ ਸੂਅਰਾਂ ਦੀ ਆਦਤਾਂ ਹਨ। ਉਹ ਉਸ ਦਿਨ ਸਬੂਤ ਅਤੇ ਦਲੀਲ਼ ਨਾਲ ਅਧੀਨ ਕੀਤੇ ਜਾਣਗੇ ਅਤੇ ਸਪੱਸ਼ਟ ਦਲੀਲ਼ਾਂ ਦੀ ਤਲਵਾਰ ਉਨ੍ਹਾਂ ਨੂੰ ਕਤਲ ਕਰੇਗੀ। ਨ ਇਹ ਕਿ ਇੱਕ ਪਾਕ ਨਬੀ ਜੰਗਲਾਂ ਵਿੱਚ ਸੂਅਰਾਂ ਦਾ ਸ਼ਿਕਾਰ ਖੇਡੇਗਾ।

ਹੇ ਮੇਰੀ ਪਿਆਰੀ ਕੌਮ ! ਇਹ ਸਾਰੀਆਂ ਉਪਮਾਵਾਂ ਹਨ। ਜਿਨ੍ਹਾਂ ਨੂੰ ਰੱਬ ਵੱਲੋਂ ਸਮਝ ਦਿੱਤੀ ਗਈ ਹੈ। ਉਹ ਨ ਕੇਵਲ ਆਸਾਨੀ ਨਾਲ ਸਗੋਂ ਇੱਕ ਪ੍ਰਕਾਰ ਦੇ ਸ਼ੌਕ ਨਾਲ ਉਨ੍ਹਾਂ ਨੂੰ ਸਮਝ ਜਾਣਗੇ। ਅਜਿਹੇ ਚੰਗੇ, ਪ੍ਰਤਖ ਅਤੇ ਇਲਾਹੀ ਕਲਮਿਆਂ ਨੂੰ ਵਾਸਤਵਿਕਤਾ ਉੱਤੇ ਉਤਾਰਨਾ ਸੰਭਵਤਾ ਇੱਕ ਸੁੰਦਰ ਪ੍ਰੇਮੀ ਦਾ ਇੱਕ ਦੇਵ ਦੀ ਰੂਪ ਰੇਖਾ ਖਿਚਣਾ ਹੈ। ਉੱਤਮਤਾ ਦਾ ਸਾਰਾ ਆਧਾਰ ਸੂਖਮ ਉਪਮਾਵਾਂ'ਤੇ ਹੁੰਦਾ ਹੈ। ਇਸੇ ਕਰਕੇ ਰੱਬ ਦੇ ਕਲਾਮ ਨੇ ਵੀ ਜੋ ਸਭ ਤੋਂ ਉੱਤਮ ਹੈ। ਜਿਨ੍ਹੀਆਂ ਵੀ ਉਪਮਾਵਾਂ ਵਰਤੀਆਂ ਹਨ। ਹੋਰ ਕਿਸੇ ਕਲਾਮ ਵਿੱਚ

ਇਹ ਸੂਖਮ ਢੰਗ ਨਹੀਂ ਹੈ। ਹੁਣ ਹਰ ਥਾਂ ਅਤੇ ਹਰ ਮੌਕੇ'ਤੇ ਇਨ੍ਹੀਆਂ ਪਵਿੱਤਰ ਅਤੇ ਸੂਖਮ ਉਪਮਾਵਾਂ ਨੂੰ ਵਾਸਤਵਿਕ ਰੂਪ'ਚ ਮੰਨ੍ਹੀ ਜਾਣਾ ਸੰਭਵਤਾ ਇਸ ਪਵਿੱਤਰ ਚਮਤਕਾਰੀ ਵਿਵਸਥਾ ਨੂੰ ਖ਼ਾਕ ਵਿੱਚ ਮਿਲਾਉਣਾ ਹੈ। ਸੋ, ਇਸ ਢੰਗ ਨਾਲ ਨ ਕੇਵਲ ਰੱਬ ਦੇ ਉੱਤਮ ਕਲਾਮ ਦਾ ਅਸਲੀ ਉਦੇਸ਼ ਬਰਬਾਦ ਹੁੰਦਾ ਹੈ। ਸਗੋਂ ਨਾਲ ਹੀ ਇਸ ਕਲਾਮ ਦੀ ਉੱਚਤਮ ਉੱਤਮਤਾ ਨੂੰ ਬਰਬਾਦ ਕਰ ਦਿੱਤਾ ਜਾਂਦਾ ਹੈ । ਸੁੰਦਰ ਅਤੇ ਮਨਮੋਹਕ ਵਿਆਖਿਆ ਦੇ ਉਹ ਢੰਗ ਹੁੰਦੇ ਹਨ। ਜਿਨ੍ਹਾਂ ਵਿੱਚ ਜਿਸ ਦੇ ਕਲਾਮ ਦੀ ਗੱਲ੍ਹ ਕੀਤੀ ਜਾਵੇ। ਉਸ ਦੇ ਉੱਚਤਮ ਮਰਤਬੇ ਅਤੇ ਉਸ ਦੇ ਰੂਹਾਨੀ ਅਤੇ ਬੁਲੰਦ ਉਦੇਸ਼ਿਆਂ ਦਾ ਵੀ ਖਿਆਲ ਰਹੇ। ਨ ਇਹ ਕਿ ਅਤਿਅੰਤ ਝੂੱਠੇ, ਭੈੜ੍ਹੇ, ਆਪਘੜ੍ਹੇ ਅਤੇ ਬੇਤਰਤੀਬੇ ਅਰਥ ਜੋ ਹਾਂਸ ਵਿਅੰਗ ਦਾ ਰੂਪ ਰੱਖਦੇ ਹੋਣ ਆਪਣੇ ਵੱਲ੍ਹੋਂ ਘੜ੍ਹੇ ਜਾਣ ਅਤੇ ਰੱਬ ਦੇ ਪਾਕ ਕਲਾਮ ਨੂੰ ਜੋ ਪਾਕ ਅਤੇ ਸੂਖ਼ਮ ਤੱਥਾਂ'ਤੇ ਅਧਾਰਿਤ ਹੈ ਕੇਵਲ ਭੜ੍ਹਕਾਊ ਸ਼ਬਦਾਂ ਤੱਕ ਸੀਮਿਤ ਖਿਆਲ ਕਰ ਲਿਆ ਜਾਵੇ। ਅਸੀਂ ਨਹੀਂ ਸਮਝਦੇ ਕਿ ਉਨ੍ਹਾਂ ਅਤਿਅੰਤ ਸੂਖ਼ਮ ਭੇਦਾਂ ਦੇ ਮੁਕਾਬਲੇ'ਤੇ ਜੋ ਰੱਬ ਦੇ ਕਲਾਮ ਵਿੱਚ ਹੋਣੇ ਚਾਹੀਦੇ ਹਨ ਅਤੇ ਵੱਡੀ ਗਿਣਤੀ ਵਿੱਚ ਹਨ। ਕਿਉਂ ਭੈੜ੍ਹੇ, ਕੁਰੂਪ, ਮੂੰਹਵੱਟ ਅਤੇ ਕਰਾਹਤ ਭਰੇ ਅਰਥ ਪਸੰਦ ਕੀਤੇ ਜਾਂਦੇ ਹਨ ? ਅਤੇ ਕਿਉਂ ਉਨ੍ਹਾਂ ਸੂਖ਼ਮ ਅਰਥਾਂ ਦੀ ਕਦਰ ਨਹੀਂ ਜੋ ਰੱਬ ਦੀ ਹਕੀਮਾਨਾ ਸ਼ਾਨ (ਦਾਨਾਈ ਭਰਪੂਰ) ਦੇ ਅਨੁਕੂਲ ਅਤੇ ਉਸ ਦੇ ਸਰਵੋਤਮ ਕਲਾਮ ਦੇ ਅਨੁਕੂਲ ਹਨ ? ਅਤੇ ਸਾਡੇ ਵਿਦਵਾਨਾਂ

ਦੇ ਦਿਮਾਗ ਉਸ ਅਕਾਰਣ ਬਗ਼ਾਵਤ ਨਾਲ ਕਿਉਂ ਭਰੇ ਹਨ ਕਿ ਉਹ ਇਲਾਹੀ ਫਲਸਫੇ ਦੇ ਨੇੜ੍ਹੇ ਆਉਣਾ ਨਹੀਂ ਚਾਹੁੰਦੇ ! ਜਿਨ੍ਹਾਂ ਲੋਕਾਂ ਨੇ ਇੰਨ੍ਹਾਂ ਖੋਜਾਂ ਵਿੱਚ ਆਪਣਾ ਲਹੂ ਅਤੇ ਮੁੜ੍ਹਕਾ ਇੱਕ ਕਰ ਦਿੱਤਾ ਹੈ ਉਨ੍ਹਾਂ ਨੂੰ ਬੇਸ਼ੱਕ ਸਾਡੇ ਇਸ ਬਿਆਨ ਤੋਂ ਇੰਨਕਾਰ ਨਹੀਂ ਸਗੋਂ ਸੁਆਦ ਆਏਗਾ ਅਤੇ ਇੱਕ ਤਾਜ਼ੀ ਸੱਚਾਈ ਉਨ੍ਹਾਂ ਨੂੰ ਮਿਲੇਗੀ। ਜਿਸ ਨੂੰ ਉਹ ਵੱਡੇ ਉਪਰਾਲੇ ਨਾਲ ਕੌਮ ਵਿੱਚ ਬਿਆਨ ਕਰਨਗੇ ਅਤੇ ਪੱਬਲਿਕ ਨੂੰ ਇੱਕ ਅਧਿਆਤਮਿਕ ਲਾਭ ਪਹੁੰਚਾਉਣਗੇ । ਪਰ ਜਿਨ੍ਹਾਂ ਨੇ ਕੇਵਲ ਆਮ ਨਜ਼ਰ ਤੱਕ ਆਪਣੀ ਚਿੰਤਾ ਅਤੇ ਬੁੱਧੀ ਨੂੰ ਖ਼ਤਮ ਕਰ ਰੱਖਿਆ ਹੈ। ਉਹ ਇਸ ਤੋਂ ਬਿਨ੍ਹਾਂ ਕਿ ਵਿਅਰਥ ਦੋਸ਼ਾਂ ਦੇ ਭਾਰ ਵਧਾਉਣ ਅਤੇ ਵਿਅਰਥ ਹੰਗਾਮਾ ਖੜ੍ਹਾ ਕਰਨ । ਹੋਰ ਕੁੱਝ ਇਸਲਾਮ ਨੂੰ ਆਪਣੇ ਵਜੂਦ ਤੋਂ ਲਾਭ ਨਹੀਂ ਪਹੁੰਚਾ ਸਕਦੇ।

ਹੁਣ ਅਸੀਂ ਇਹ ਬਿਆਨ ਕਰਨਾ ਚਾਹੁੰਦੇ ਹਾਂ ਕਿ ਸਾਡੇ ਹਾਦੀ ਅਤੇ ਸੱਯਦ ਓ ਮੌਲ੍ਹਾ ਖਾਤਮੁੱਨਬੀਯੀਨ ਨੇ ਪਹਿਲੇ ਅਤੇ ਦੂਜੇ ਮਸੀਹ ਵਿੱਚ ਅੰਤਰ ਕਾਯਮ ਕਰਨ ਲਈ ਕੇਵਲ ਇਹੋ ਨਹੀਂ ਕਿਹਾ ਕਿ ਮਸੀਹ ਦੂਜਾ ਇੱਕ ਮੁਸਲਮਾਨ ਹੋਵੇਗਾ ਅਤੇ ਕੁਰਆਨੀ ਸ਼ਰੀਅਤ ਦੇ ਅਨੁਕੂਲ ਕਾਰਜ ਕਰੇਗਾ ਅਤੇ ਮੁਸਲਮਾਨਾਂ ਵਾਂਗ ਨਮਾਜ਼ ਰੋਜ਼ੇ ਆਦਿ ਕੁਰਆਨੀ ਆਦੇਸ਼ਾਂ ਦਾ ਪਾਬੰਦ ਹੋਵੇਗਾ ਅਤੇ ਮੁਸਲਮਾਨਾਂ ਵਿੱਚ ਪੈਦਾ ਹੋਵੇਗਾ ਅਤੇ ਉਨ੍ਹਾਂ ਦਾ ਇਮਾਮ ਹੋਵੇਗਾ ਅਤੇ ਕੋਈ ਵੱਖਰਾ ਧਰਮ ਨਹੀ ਬਣਾਏਗਾ ਅਤੇ ਕਿਸੇ ਵੱਖਰੀ ਨਬੁੱਵਤ ਦਾ ਦਾਅਵਾ ਨਹੀਂ ਕਰੇਗਾ । ਸਗੋਂ ਇਹ ਵੀ ਸਪੱਸ਼ਟ ਕੀਤਾ ਕਿ ਮਸੀਹ ਪਹਿਲੇ ਅਤੇ ਮਸੀਹ ਦੂਜੇ

ਦੇ ਹੁੱਲੀਏ ਵਿੱਚ ਵੀ ਸਾਫ਼ ਅੰਤਰ ਹੋਵੇਗਾ । ਇਸੇ ਲਈ ਮਸੀਹ ਪਹਿਲੇ ਦਾ ਹੁੱਲੀਆ ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਮੀਰਾਜ ਦੀ ਰਾਤ ਵਿੱਚ ਨਜ਼ਰ ਆਇਆ । ਉਹ ਇਹ ਹੈ ਕਿ ਮੱਧਰਾ ਕੱਦ, ਲਾਲ ਰੰਗ, ਘੁੰਗਰਾਲੇ ਵਾਲ ਅਤੇ ਸੀਨਾ ਚੋੜ੍ਹਾ ਹੈ (ਵੇਖੋ ਸਹੀ ਬੁਖਾਰੀ ਪੰਨਾ 489) ਪਰ ਇਸੇ ਕਿਤਾਬ ਵਿੱਚ ਮਸੀਹ ਦੂਜੇ ਦਾ ਹੁੱਲੀਆ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਇਹ ਦੱਸਿਆ ਹੈ ਕਿ ਉਸ ਦਾ ਰੰਗ ਗ਼ੰਦਮੀ ਹੋਵੇਗਾ ਅਤੇ ਉਸ ਦੇ ਵਾਲ ਘੁੰਗਰਾਲੇ ਨਹੀਂ ਹਨ ਅਤੇ ਕੰਨਾਂ ਤੱਕ ਲੰਮਕਦੇ ਹਨ । ਹੁਣ ਅਸੀ ਸੋਚਦੇ ਹਾਂ ਕਿ ਕੀ ਇਹ ਦੋਵੇਂ ਅੰਤਰ ਕਰਨ ਵਾਲੇ ਚਿੰਨ੍ਹ ਜੋ ਪਹਿਲੇ ਅਤੇ ਦੂਜੇ ਮਸੀਹ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸਲੱਮ ਨੇ ਬਿਆਨ ਕੀਤੇ ਹਨ । ਸਪਸ਼ਟ ਯਕੀਨ ਨਹੀਂ ਦਵਾਉਂਦੇ ਕਿ ਮਸੀਹ ਪਹਿਲਾ ਹੋਰ ਹੈ ਅਤੇ ਮਸੀਹ ਦੂਜਾ ਹੋਰ । ਉਨ੍ਹਾਂ ਦੋਵਾਂ ਨੂੰ ਇਬਨੇ ਮਰੀਅਮ ਦੇ ਨਾਂ ਨਾਲ ਸੱਦਣਾ ਇੱਕ ਸ਼ਾਨਦਾਰ ਉਪਮਾ ਹੈ । ਜਿਸ ਨੂੰ ਸਮਾਨਤਾ ਅਤੇ ਰੂਹਾਨੀਅਤ ਵੱਜੋਂ ਵਰਤਿਆ ਗਿਆ ਹੈ । ਇਹ ਸਪੱਸ਼ਟ ਹੈ ਕਿ ਅੰਦਰੂਨੀ ਖ਼ੂਬੀਆਂ ਦੀ ਸਮਾਨਤਾ ਕਰਕੇ ਦੋ ਚੰਗੇ ਆਦਮੀ ਇੱਕੋ ਨਾਂ ਦੇ ਯੋਗ ਹੋ ਸਕਦੇ ਹਨ ਅਤੇ ਇੰਞ ਹੀ ਦੋ ਦੁਸ਼ਟ ਵਿਅਕਤੀ ਵੀ ਇੱਕ ਮਾਦੇ ਵਿੱਚ ਬਰਾਬਰ ਸ਼ਾਮਲ ਹੋਣ ਕਰਕੇ ਇੱਕ ਦੂਜੇ ਦੇ ਕਾਰਮੁਖ਼ਤਾਰ ਅਖਵਾ ਸਕਦੇ ਹਨ । ਮੁਸਲਮਾਨ ਜੋ ਆਪਣੇ ਬੱਚਿਆਂ ਦੇ ਨਾਂ ਅਹਮਦ, ਮੂਸਾ, ਈਸਾ, ਸੁਲੈਮਾਨ ਅਤੇ ਦਾਊਦ ਆਦਿ ਰੱਖਦੇ ਹਨ ਤਾਂ ਅਸਲ

ਵਿੱਚ ਇਹੋ ਉਮੀਦ ਉਨ੍ਹਾਂ ਨੂੰ ਹੁੰਦੀ ਹੈ। ਜਿਸ ਤੋਂ ਨੇਕ ਫ਼ਾਲ ਵੱਜੋਂ ਇਹ ਇਰਾਦਾ ਕੀਤਾ ਜਾਂਦਾ ਹੈ ਕਿ ਇਹ ਬੱਚੇ ਵੀ ਉਨ੍ਹਾਂ ਬਜ਼ੁਰਗਾਂ ਦੀ ਅਧਿਆਤਮਿਕ ਸ਼ਕਲ ਅਤੇ ਖ਼ੂਬੀ ਨੂੰ ਉਸੇ ਪ੍ਰਕਾਰ ਕਾਮਲ ਅਤੇ ਪੂਰਨ ਰੂਪ ਵਿੱਚ ਪੈਦਾ ਕਰ ਲੈਣ, ਸੰਭਵਤਾ ਉਨ੍ਹਾਂ ਦਾ ਰੂਪ ਹੋ ਜਾਣ।

ਇੱਥੇ ਜੇਕਰ ਇਹ ਦੋਸ਼ ਲਾਇਆ ਜਾਵੇ ਕਿ ਮਸੀਹ ਦਾ ਪੂਰਕ ਵੀ ਨਬੀ ਹੋਣਾ ਚਾਹੀਦਾ ਹੈ ਕਿਉਂਕਿ ਮਸੀਹ ਨਬੀ ਸੀ ਤਾਂ ਇਸ ਦਾ ਪਹਿਲਾ ਜਵਾਬ ਤਾਂ ਇਹੋ ਹੈ ਕਿ ਆਉਣ ਵਾਲੇ ਮਸੀਹ ਲਈ ਸਾਡੇ ਸੱਯਦ-ਓ-ਮੌਲਾ ਨੇ ਨਬੁੱਵਤ ਸ਼ਰਤ ਨਹੀਂ ਰੱਖੀ। ਸਗੋਂ ਸਪਸ਼ਟ ਰੂਪ ਵਿੱਚ ਇਹੋ ਲਿੱਖਿਆ ਹੈ ਕਿ ਉਹ ਇੱਕ ਮੁਸਲਮਾਨ ਹੋਵੇਗਾ ਅਤੇ ਆਮ ਮੁਸਲਮਾਨਾਂ ਦੇ ਅਨੁਕੂਲ ਕੁਰਆਨੀ ਸ਼ਰੀਅਤ ਦਾ ਪਾਬੰਦ ਹੋਵੇਗਾ ਅਤੇ ਇਸ ਤੋਂ ਵੱਧ ਕੁੱਝ ਵੀ ਨਹੀਂ ਕਹਿਣਗੇ ਕਿ ਮੈਂ ਮੁਸਲਮਾਨ ਹਾਂ ਅਤੇ ਮੁਸਲਮਾਨਾਂ ਦਾ ਇਮਾਮ ਹਾਂ। ਇਸ ਤੋਂ ਬਿਨ੍ਹਾ ਇਸ ਵਿੱਚ ਕੁੱਝ ਸ਼ੱਕ ਨਹੀਂ ਕਿ ਇਹ ਨਿਮਾਣਾ ਰੱਬ ਵੱਲੋਂ ਇਸ ਉੱਮਤ ਲਈ ਇੱਕ ਮੁਹਦੱਸ ਹੋ ਕੇ ਆਇਆ ਹੈ ਅਤੇ ਮੁਹਦੱਸ ਵੀ ਇੱਕ ਹਿਸਾਬ ਨਾਲ ਨਬੀ ਹੀ ਹੁੰਦਾ ਹੈ। ਭਾਵੇਂ ਉਸ ਲਈ ਪੂਰਨ ਨਬੁਵੱਤ ਨਹੀਂ। ਪਰ ਅੰਸ਼ਿਕ ਰੂਪ ਵਿੱਚ ਉਹ ਇੱਕ ਨਬੀ ਹੀ ਹੈ ਕਿਉਂਕਿ ਉਹ ਰੱਬ ਨਾਲ ਗੱਲ੍ਹ ਕਰਨ ਦਾ ਇੱਕ ਮਾਣ ਰੱਖਦਾ ਹੈ। ਗ਼ੈਬੀ ਮਾਮਲੇ ਉਸ ਉੱਤੇ ਖੋਲ੍ਹੇ ਜਾਂਦੇ ਹਨ ਅਤੇ ਫ਼ਰਿਸ਼ਤੇ ਅਤੇ ਨਬੀਆਂ ਦੀ ਆਕਾਸ਼ਬਾਣੀ ਵਾਂਗ ਉਸ ਦੀ ਆਕਾਸ਼ਬਾਣੀ ਨੂੰ ਵੀ ਸ਼ੈਤਾਨ ਦੇ ਹਮਲੇ ਤੋਂ ਪਾਕ ਕੀਤਾ ਜਾਂਦਾ ਹੈ

ਅਤੇ ਸ਼ਰੀਅਤ ਦੇ ਰਾਜ਼ ਉਸ ਉੱਤੇ ਖੋਲ੍ਹੇ ਜਾਂਦੇ ਹਨ ਅਤੇ ਨਬੀਆਂ ਵਾਂਗ ਨਿਯੁੱਕਤ ਹੋ ਕੇ ਆਉਂਦਾ ਹੈ ਅਤੇ ਨਬੀਆਂ ਵਾਂਗ ਉਸ ਉੱਤੇ ਲਾਜ਼ਮ ਹੁੰਦਾ ਹੈ ਕਿ ਆਪਣੇ ਬਾਰੇ ਉੱਚੀ ਆਵਾਜ਼ ਵਿੱਚ ਪ੍ਰਕਟ ਕਰੇ ਅਤੇ ਇਸ ਦਾ ਇੰਨਕਾਰ ਕਰਨ ਵਾਲਾ ਇੱਕ ਹੱਦ ਤੱਕ ਸਜ਼ਾਯੋਗ ਠਹਿਰਦਾ ਹੈ ਅਤੇ ਨਬੁੱਵਤ ਦੇ ਅਰਥ ਇਸ ਤੋਂ ਬਿਨ੍ਹਾਂ ਹੋਰ ਕੁੱਝ ਨਹੀਂ ਕਿ ਉਪਰੋਕਤ ਮਾਮਲੇ ਉਸ ਵਿੱਚ ਪਾਏ ਜਾਣ।

ਅਤੇ ਜੇਕਰ ਇਹ ਬਹਾਨਾ ਪੇਸ਼ ਹੋਵੇ ਕਿ ਨਬੁਵੱਤ ਦਾ ਬੂਹਾ ਬੰਦ ਹੈ ਅਤੇ ਆਕਾਸ਼ਬਾਣੀ ਜੋ ਨਬੀਆਂ ਨੂੰ ਹੁੰਦੀ ਹੈ। ਉਸ ਉੱਤੇ ਮੋਹਰ ਲੱਗ ਗਈ ਹੈ। ਮੈਂ ਕਹਿੰਦਾ ਹਾਂ ਕਿ ਨ ਪੂਰਨਤਾ ਨਬੁੱਵਤ ਦਾ ਬੂਹਾ ਬੰਦ ਹੋਇਆ ਹੈ ਅਤੇ ਨ ਹੀ ਸੰਪੂਰਨਤਾ ਆਕਾਸ਼ਬਾਣੀ ਉੱਤੇ ਮੋਹਰ ਲਾਈ ਗਈ ਹੈ। ਸਗੋਂ ਆਕਾਸ਼ਬਾਣੀ ਅਤੇ ਨਬੁੱਵਤ ਦਾ ਇਸ ਉੱਮਤੇ ਮਰਹੂਮਾ[1] ਲਈ ਸਦਾ ਬੂਹਾ ਖੁੱਲ੍ਹਾ ਹੈ। ਪਰ ਇਸ ਗੱਲ੍ਹ ਨੂੰ ਦਿਲ੍ਹ ਦੀ ਹਜ਼ੂਰੀ ਨਾਲ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਨਬੁੱਵਤ ਜਿਸ ਦਾ ਸਦਾ ਲਈ ਸਿਲਸਿਲਾ ਜਾਰੀ ਰਹੇਗਾ। ਸੰਪੂਰਨ ਨਬੁੱਵਤ ਨਹੀਂ ਹੈ। ਸਗੋਂ ਜਿਵੇਂ ਕਿ ਮੈਂ ਹੁਣੇ ਬਿਆਨ ਕੀਤਾ ਹੈ। ਉਹ ਕੇਵਲ ਇੱਕ ਅਧੂਰੀ ਨਬੁੱਵਤ ਹੈ। ਜੋ ਦੂਜੇ ਸ਼ਬਦਾਂ ਵਿੱਚ ਮੁਹਦੱਸੀਅਤ ਦੇ ਨਾਂ ਨਾਲ ਸੰਬੋਧਿਤ ਹੈ। ਜੋ ਸੰਪੂਰਨ ਮਨੁੱਖ ਦੀ ਪਾਲਣਾ ਨਾਲ ਮਿਲਦੀ ਹੈ। ਜੋ ਸੰਪੂਰਨ ਨਬੁੱਵਤ ਦੇ ਸਾਰੇ ਕਮਾਲਾਂ ਦਾ ਇੱਕਠ ਹੈ। ਅਰਥਾਤ

---

[1] ਮੁਰਦਾ ਕੌਮ ਜਾਂ ਮਰੀ ਹੋਈ ਉੱਮਤ — ਅਨੁਵਾਦਕ

## ਹਜ਼ਰਤ ਸੱਯਦਨਾ ਵ ਮੌਲਾਨਾ ਮੁਹੰਮਦ ਮੁਸਤਫ਼ਾ ਸੱਲਲਾਹੁ ਅਲੈਹਿ ਵਸਲਮ

فاعلم ارشدك الله تعالیٰ انَّ النبی محدث والمحدّث نبی باعتبار حصول نوع من انواع النبوت وقد قال رسول الله صلی الله علیه وسلم لم یبق من النبوت الا المبشرات ای لم یبق من انواع النبوت الا نوع واحد وهی المبشرات من اقسام الرؤیا الصادقة والمکاشفات الصحیحة و الوحی الذی ینزل علی خواص الاولیاء وّالنور الذی یتجلّٰی علی قلوب قومٍ مُوجع۔ فانظر ایها الناقد البصیر أ یُفْهَمُ من هٰذا سد باب النبوة علی وجه کلی بل الحدیث یدل علی ان النبوة التامة الحاملة لوحی الشریعة قد انقطعت ولٰکن النبوة التی لیس فیها الا المبشرات فهی باقیة الی یوم القیامة لا انقطاع لها ابدًا۔ وقد علمتَ وقراتَ فی کتب الحدیث ان الرؤیا الصالحة جزء من ستة واربعین جزء من النبوّة ای من النبوة التامة فلما کان للرویا نصیبا من هٰذهِ المرتبة فکیف الکلام الذی یوحٰی من الله تعالیٰ الی قلوب المحدثین فاعلم ایدك الله ان حاصل کلامنا ان ابواب النبوة الجزئیة مفتوحة ابدًا ولیس فی هٰذا النوع الا المبشرات او المنذرات من الامور المغیبة او اللطائف القرآنیة والعلوم اللدنیة۔ و اما النبوة التی تامة کاملة جامعة لجمیع کمالات الوحی فقد آمنّا بانقطاعها من یوم نزل فیه

مَا کَانَ مُحَمَّدٌ أَبَا أَحَدٍ مِنْ رِجَالِکُمْ وَلَکِنْ رَسُولَ اللَّهِ وَخَاتَمَ النَّبِیِّینَ[1]

ਜੇਕਰ ਇਹ ਪੁੱਛਿਆ ਜਾਵੇ ਕਿ ਜਿਸ ਖ਼ੂਬੀ ਅਤੇ ਅਧਿਆਤਮਿਕ ਤਾਕਤ ਵਿੱਚ ਇਹ ਵਿਨਮ੍ਰ ਅਤੇ ਮਸੀਹ ਇਬਨੇ ਮਰੀਅਮ ਸਮਾਨਤਾ ਰੱਖਦੇ ਹਨ। ਉਹ ਕੀ ਚੀਜ਼ ਹੈ ? ਤਾਂ ਇਸ ਦਾ ਜਵਾਬ ਇਹ ਹੈ ਕਿ

[1] ਅਲ-ਅਹਜ਼ਾਬ : 40

ਉਹ ਇੱਕ ਸਾਂਝੀ ਖ਼ੂਬੀ ਹੈ। ਜੋ ਸਾਡੇ ਦੋਵਾਂ ਦੇ ਅਧਿਆਤਮਿਕ ਅੰਗਾ ਵਿੱਚ ਵਿਸ਼ੇਸ਼ ਤੌਰ'ਤੇ ਰੱਖੀ ਗਈ ਹੈ। ਜਿਸ ਦੇ ਸਿਲਸਿਲੇ ਦਾ ਇੱਕ ਪਾਸਾ ਹੇਠਾਂ ਨੂੰ ਅਤੇ ਇੱਕ ਪਾਸਾ ਉੱਤੇ ਨੂੰ ਜਾਂਦਾ ਹੈ। ਹੇਠਾਂ ਵੱਲ੍ਹ ਨੂੰ ਦਾ ਅਰਥ ਮਨੁੱਖਤਾ ਲਈ ਉਹ ਸਰਵੋਤਮ ਦਿਲੀ ਜੋਸ਼ ਅਤੇ ਸੋਗ ਹੈ ਜੋ ਪ੍ਰਚਾਰਕ ਅਤੇ ਉਸ ਦੇ ਤਤਪਰ ਅਨੁਯਾਇਆਂ ਵਿੱਚ ਇੱਕ ਬਹੁਤ ਜਟਿਲ ਸੰਬੰਧ ਅਤੇ ਜੋੜ੍ਹ ਬਖਸ਼ ਕੇ ਨੂਰਾਨੀ ਤਾਕਤ ਨੂੰ ਜੋ ਪ੍ਰਚਾਰਕ ਦੇ ਪਾਕ ਨਫ਼ਸ ਵਿੱਚ ਮੌਜੂਦ ਹੈ। ਉਨ੍ਹਾਂ ਸਾਰੀਆਂ ਹਰੀਆਂ ਭਰੀਆਂ ਸ਼ਾਖਾਵਾਂ ਵਿੱਚ ਵੰਡ ਦਿੰਦਾ ਹੈ। ਉੱਪਰ ਵੱਲ੍ਹ ਨੂੰ ਦਾ ਅਰਥ ਉਹ ਸਰਵੋਤਮ ਪ੍ਰੇਮ ਮਜ਼ਬੂਤ ਈਮਾਨ ਨਾਲ ਜੁੜ੍ਹਿਆ ਹੋਈਆ ਹੈ। ਜੋ ਪਹਿਲਾਂ ਬੰਦੇ ਦੇ ਦਿਲ੍ਹ ਵਿੱਚ ਰੱਬੀ ਮਰਜ਼ੀ ਅਨੁਸਾਰ ਪੈਦਾ ਹੋ ਕੇ ਸਰਬਕਲਾ ਸਮਰਥ ਰੱਬ ਦੇ ਪ੍ਰੇਮ ਨੂੰ ਆਪਣੇ ਵੱਲ੍ਹ ਖਿੱਚਦਾ ਹੈ ਅਤੇ ਫ਼ਿਰ ਉਨ੍ਹਾਂ ਦੋਵਾਂ ਪ੍ਰੇਮਾਂ ਦੇ ਮਿਲਨ ਨਾਲ ਜੋ ਵਾਸਤਵ ਵਿੱਚ ਨਰ ਅਤੇ ਮਾਦਾ ਦਾ ਆਦੇਸ਼ ਰੱਖਦੇ ਹਨ। ਇੱਕ ਮਜ਼ਬੂਤ ਰਿਸ਼ਤਾ ਅਤੇ ਇੱਕ ਬਹੁਤ ਜਟਿਲ ਸੰਬੰਧ ਸਾਜਨਹਾਰ ਅਤੇ ਮਨੁੱਖ ਵਿੱਚ ਪੈਦਾ ਹੋ ਕੇ, ਇਲਾਹੀ ਪਿਆਰ ਦੀ ਚਮਕਣ ਵਾਲੀ ਅੱਗ ਨਾਲ ਜੋ ਮਨੁੱਖ ਦੇ ਬਲਣ ਵਾਲੇ ਪ੍ਰੇਮ ਨੂੰ ਫ਼ੜ੍ਹ ਲੈਂਦੀ ਹੈ, ਇੱਕ ਤੀਜੀ ਚੀਜ਼ ਪੈਦਾ ਹੋ ਜਾਂਦੀ ਹੈ। ਜਿਸ ਦਾ ਨਾਂ ਰੂਹੁਲਕੁਦੁੱਸ[1] ਹੈ। ਸੋ, ਅਜੀਹੇ ਮਨੁੱਖ ਦਾ ਰੂਹਾਨੀ ਜਨਮ ਉਸ ਸਮੇਂ ਤੋਂ ਸਮਝਿਆ ਜਾਂਦਾ ਹੈ। ਜੱਦ ਕਿ ਰੱਬ ਆਪਣੇ ਖਾਸ

[1] ਪਵਿੱਤਰ ਰੂਹ ਅਨੁਵਾਦਕ

ਇਰਾਦੇ ਨਾਲ ਉਸ ਵਿੱਚ ਅਜੀਹਾ ਪ੍ਰੇਮ ਪੈਦਾ ਕਰ ਦਿੰਦਾ ਹੈ ਅਤੇ ਉਸ ਪਦਵੀ ਅਤੇ ਉਪਾਧੀ ਦੇ ਪ੍ਰੇਮ ਵਿੱਚ ਉਪਮਾ ਵੱਜੋਂ ਇਹ ਕਹਿਣਾ ਗ਼ਲਤ ਨਹੀਂ ਹੈ ਕਿ ਰੱਬ ਦੇ ਪ੍ਰੇਮ ਨਾਲ ਭਰੀ ਰੂਹ ਉਸ ਮਨੁੱਖੀ ਰੂਹ ਨੂੰ ਜੋ ਰੱਬੀ ਹੁਕਮ ਅਨੁਸਾਰ ਹੁਣ ਪਿਆਰ ਨਾਲ ਭਰ ਗਈ ਹੈ। ਇੱਕ ਨਵਾਂ ਜਨਮ ਦਿੰਦੀ ਹੈ। ਇਸੇ ਕਰਕੇ ਇਸ ਪਿਆਰ ਦੀ ਭਰੀ ਹੋਈ ਰੂਹ ਨੂੰ ਰੱਬ ਦੀ ਰੂਹ ਨਾਲ ਜੋ ਪਿਆਰ ਕਰਨ ਵਾਲੀ ਹੈ ਉਪਮਾ ਵੱਜੋਂ ਅਬਨੀਯਤ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਰੂਹੁਲਕੁਦੁੱਸ[1] ਉਨ੍ਹਾਂ ਦੋਹਾਂ ਦੇ ਮਿਲਨ ਨਾਲ ਮਨੁੱਖ ਦੇ ਦਿਲ੍ਹ ਵਿੱਚ ਪੈਦਾ ਹੁੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਉਹ ਉਨ੍ਹਾਂ ਦੋਹਾਂ ਲਈ ਪੁੱਤਰ ਵਾਂਗ ਹੈ ਅਤੇ ਇਹੋ ਪਾਕ ਤਸਲੀਸ ਹੈ। ਜੋ ਇਸ ਦਰਜਾ ਪਿਆਰ ਲਈ ਜ਼ਰੂਰੀ ਹੈ। ਜਿਸ ਨੂੰ ਅਪਵਿੱਤਰ ਸਰਿਸ਼ਤਾਂ ਨੇ ਨਾਸਤਕੀ ਰੂਪ ਵਿੱਚ ਸਮਝ ਲਿਆ ਹੈ ਅਤੇ ਸੰਭਵਤਾ ਨੂੰ ਜੋ ਸਮਾਪਤ ਹੋਣ ਵਾਲਾ ਝੂਠ ਹੈ। ਰੱਬ ਦੇ ਸਮਾਨ ਠਹਿਰਾ ਦਿੱਤਾ ਹੈ।

ਪਰ ਜੇਕਰ ਇੱਥੇ ਇਹ ਪੁਛਿੱਆ ਜਾਵੇ ਕਿ ਜੇਕਰ ਇਹ ਦਰਜਾ ਇਸ ਵਿਨਮ੍ਰ ਅਤੇ ਮਸੀਹ ਲਈ ਸਾਬਤ ਹੈ ਤਾਂ ਫ਼ਿਰ ਸੱਯਦਨਾ ਵ ਮੌਲਾਨਾ ਹਜ਼ਰਤ ਖਾਤਮੁਨੱਬੀਯੀਨ ਮੁਹੱਮਦ ਮੁਸਤਫ਼ਾ ਸੱਲਲਾਹੁ ਅਲੈਹਿ ਵੱਸਲਮ ਲਈ ਕਿਹੜਾ ਦਰਜਾ ਬਾਕੀ ਹੈ। ਸੋ, ਸਪੱਸ਼ਟ ਹੋ ਕਿ ਉਹ ਇੱਕ ਉੱਚਤਮ ਸਥਾਨ ਅਤੇ ਸਰਵੋਤਮ ਪਦਵੀ ਹੈ। ਜੋ ਉਸੇ ਸੰਪੂਰਨ

---

[1] ਪਵਿੱਤਰ ਰੂਹ ਅਨੁਵਾਦਕ

ਉੱਤੇ ਖ਼ਤਮ ਹੋ ਗਈ ਹੈ। ਜਿਸ ਦੀ ਹਾਲਤ ਉੱਤੇ ਪਹੁੰਚਣਾ ਵੀ ਕਿਸੇ ਦੂਜੇ ਦਾ ਕੰਮ ਨਹੀਂ। ਕਿੱਥੇ ਉਹ ਕਿਸੇ ਹੋਰ ਨੂੰ ਪ੍ਰਾਪਤ ਹੋ ਸਕੇ।

| | |
|---|---|
| آنچناں از خود جدا شد کز میاں افتاد میم | شان احمد را کہ داند جُز خداوندِ کریم |
| پیکر او شد سراسر صورتِ ربِّ رحیم | ازاں نمط شد محو دلبر کز کمال اتحاد |
| ات حقّانی صفاتش مظہرِ ذات قدیم | بوئے محبوبِ حقیقی مید ہد زاں روئے پاک |
| چوں دلِ احمد نمے بینم دگر عرشِ عظیم | ذگرچہ منسوبم کند کس سوئے الحاد و ضلال |
| صد بلا را مے خرم از ذوق آں عین النعیم | منت ایزد را کہ من بر رغم اہل روزگار |
| دشمن فرعونیانم بہر عشق آں کلیم | از عنایاتِ خدا و از فضل آں دادار پاک |
| گفتمے گر دیدمے طبعے دریں راہے سلیم | آں مقام و رتبتِ خاصش کہ بر من شد عیاں |
| یں تمنا ایں دعا ایں در دِلم عزم صمیم [1] | در رہِ عشق محمدؐ ایں سر و جانم رَود |

[1] ਸ਼ਾਨੇ ਅਹਮਦ ਰਾ ਕਹ ਦਾਨੱਦ ਜੁੱਜ਼ ਖ਼ੁਦਾਵਨਦੇ ਕਰੀਮ    ਆਂਚੁਨਾਂ ਅੱਜ਼ ਖ਼ੁੱਦ ਜੁਦਾ ਸ਼ੁੱਦ ਕੱਜ਼ਮਿਆਂ ਉਫ਼ਤਾਦ ਮੀਮ
ਜ਼ਾਂ ਨਮਿੱਤ ਸ਼ੁੱਦ ਮਹੱਵ ਦਿਲ੍ਹਬਰ ਕੱਜ਼ ਕਮਾਲ ਇਤਹਾਦ    ਪੈਕਰੇ ਊ ਸ਼ੁੱਦ ਸਰਾਸਰ ਸੁਰਤੇ ਰੱਬੇ ਰਹੀਮ
ਬੁਏ ਮਹਬੂਬੇ ਹਕੀਕੀ ਮੀ ਦਹਦ ਜ਼ਾਂ ਰੋਏ ਪਾਕ    ਜ਼ਾਤੇ ਹੱਕਾਨੀ ਸਿਫ਼ਾਤੱਸ਼ ਮੱਜ਼ਹਰੇ ਜ਼ਾਤੇ ਕਦੀਮ
ਗਰ ਚਹ ਮਨਸੂਬਮ ਕੁੰਦ ਕਸ ਸੁਏ ਇਲਹਾਦੋ ਜ਼ਲਾਲ    ਚੂੰ ਦਿਲ੍ਹੇ ਅਹਮਦ ਨਮੀ ਬੀਨਮ ਦਗਰ ਅਰਸ਼ੇ ਅਜ਼ੀਮ
ਮਿਨੰਤੇ ਈਜ਼ੱਦ ਰਾ ਕਹਿ ਮਨ ਬਰਰ ਗ਼ਮ ਅਹਲੇ ਰੋਜ਼ਗਾਰ    ਸਦ ਬਲਾ ਰਾ ਮੀ ਖ਼ੁੱਰਮ ਅੱਜ਼ ਜ਼ੋਕ ਆਂ ਐਨੁੰਨਈਮ
ਅੱਜ਼ ਅਨਾਯਾਤੇ ਖ਼ੁਦਾ ਵ ਅੱਜ਼ ਫ਼ਜ਼ਲੇ ਆਂ ਦਾਦਾਰ ਪਾਕ    ਦੁਸ਼ਮਨ ਫ਼ਿਰਓਨੀਯਾਨਮ ਬਹਰੇ ਇਸ਼ਕ ਆਂ ਕਲੀਮ
ਆਂਮੁਕਾਮ ਵ ਰੁਤਬਤੇ ਖ਼ਾਸਸ਼ ਕਹ ਬਰ ਮਨ ਸ਼ੁਦ ਇਆਂ    ਗੁਫ਼ਤਮੇ ਗਰ ਦੀਦ ਮੀ ਤਬਏ ਦਰਈਂ ਰਾਹੇ ਸਲੀਮ
ਦਰ ਰਹੇ ਇਸ਼ਕ ਮੁਹੰਮਦ ਈਂ ਸਰ ਵ ਜਾਨਮ ਰਵਦ    ਈਂ ਤਮੰਨਾ ਈਂ ਦੂਆ ਈਂ ਦਰ ਦਿਲ੍ਹਮ ਅਜ਼ਮੇ ਸਮੀਮ

ਅਨੁਵਾਦ: ਅਹਮਦ ਦੀ ਸ਼ਾਨ ਨੂੰ ਰੱਬ ਤੋਂ ਬਿਨ੍ਹਾਂ ਕੌਣ ਜਾਣ ਸਕਦਾ ਹੈ। ਉਹ ਆਪਣੇ ਆਪ ਤੋਂ ਇੰਝ ਵੱਖ ਹੋ ਗਿਆ ਕਿ ਮੀਮ ਵਿੱਚੋਂ ਡਿੱਗ ਗਿਆ।

ਉਹ ਆਪਣੇ ਮਾਸ਼ੂਕ ਵਿੱਚ ਇੰਝ ਢੁੱਬ ਗਿਆ ਕਿ ਸੰਪੂਰਨ ਸਮਾਨਤਾ ਕਰਕੇ ਉਸ ਦੀ ਸ਼ਕਲ ਬਿਲਕੁੱਲ ਕਿਰਪਾਲੂ ਰੱਬ ਦੀ ਸ਼ਕਲ ਬਣ ਗਈ।

ਪ੍ਰੀਤਮ ਪਿਆਰੇ ਦੀ ਖ਼ੁਸ਼ਬੂ ਉਸ ਦੇ ਮੂੰਹੋਂ ਆ ਰਹੀ ਹੈ। ਉਸ ਦੀ ਹਸਤੀ ਕਦੀਮ ਰੱਬ ਦੀ ਹਸਤੀ ਦਾ ਪ੍ਰਗਟਾਵਾ ਕਰਨ ਵਾਲੀ ਹੈ।

ਭਾਵੇਂ ਕੋਈ ਮੈਨੂੰ ਨਾਸਤਿਕ ਅਤੇ ਭਟਕਾਉਣ ਵਾਲਾ ਕਹੈ। ਪਰ ਮੈਂ ਤਾਂ ਅਹਮਦ ਦੇ ਦਿਲ੍ਹ ਵਰਗਾ ਕੋਈ ਹੋਰ ਅਥਾਹ ਅਰਸ਼ ਨਹੀਂ ਵੇਖਦਾ।

ਹੁਣ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੇ ਸਰਵੋਤਮ ਦਰਜੇ ਦੀ ਪਛਾਣ ਹੇਤੂ ਇਹ ਲਿੱਖਣਾ ਜ਼ਰੂਰੀ ਹੈ ਕਿ ਨੇੜ੍ਹਤਾ ਅਤੇ ਪਿਆਰ ਨੂੰ ਉਨ੍ਹਾਂ ਦੇ ਅਧਿਆਤਮਿਕ ਦਰਜੀਆਂ ਦੇ ਅਨੁਸਾਰ ਤਿੰਨ ਪ੍ਰਕਾਰ ਵਿੱਚ ਵੰਡੀਆ ਜਾਂਦਾ ਹੈ । ਸਭ ਤੋਂ ਘੱਟ ਦਰਜਾ ਵਾਸਤਵ ਵਿੱਚ ਉਹ ਵੀ ਵੱਡਾ ਹੀ ਹੈ ਇਹੋ ਹੈ ਕਿ ਰੱਬੀ ਪ੍ਰੇਮ ਦੀ ਅੱਗ ਬੰਦੇ ਦੇ ਦਿਲ੍ਹ ਨੂੰ ਗਰਮ ਤਾਂ ਕਰੇ ਅਤੇ ਸੰਭਵ ਹੈ ਕਿ ਇੰਝ ਗਰਮ ਕਰੇ ਕਿ ਕੁੱਝ ਅੱਗ ਦੇ ਕੰਮ ਉਸ ਬਲਣ ਵਾਲੇ ਤੋਂ ਹੋ ਸਕਣ । ਪਰ ਇਹ ਕਮੀ ਬਾਕੀ ਰਹਿ ਜਾਵੇ ਕਿ ਉਸ ਪ੍ਰਭਾਵਿਤ ਵਿੱਚ ਅੱਗ ਦੀ ਚਮਕ ਪੈਦਾ ਨ ਹੋਵੇ ਇਸ ਦਰਜੇ ਦੇ ਪ੍ਰੇਮ ਉੱਤੇ ਜੱਦ ਰੱਬ ਦੇ ਪ੍ਰੇਮ ਦੀ ਜਵਾਲਾ ਪਏ ਤਾਂ ਉਸ ਜਵਾਲਾ ਨਾਲ ਜੋ ਰੂਹ ਵਿੱਚ ਗਰਮੀ ਪੈਦਾ ਹੁੰਦੀ ਹੈ ਉਸ ਨੂੰ ਸੰਤੁਸ਼ਟੀ ਅਤੇ ਆਰਾਮ ਅਤੇ ਕਦੇ ਫ਼ਰਿਸ਼ਤਾ ਅਤੇ ਮਲਿਕ ਦੇ ਸ਼ਬਦ ਨਾਲ ਵੀ ਉਪਮਾ ਦਿੰਦੇ ਹਨ :

---

ਖ਼ੁਦਾ ਦੀ ਮਿਹਰ ਹੈ ਕਿ ਮੈਂ ਦੁਨੀਆਂ ਦੇ ਖ਼ਿਲਾਫ਼ ਉਸ ਮਿਹਰ ਦੇ ਚਸ਼ਮੇ ਦੀ ਖ਼ਵਾਹਿਸ਼ ਕਰਕੇ ਸੈਂਕੜ੍ਹੇ ਦੁੱਖ ਮੋਲ੍ਹ ਲੈਂਦਾ ਹਾਂ ।

ਰੱਬ ਦੀ ਮਿਹਰਾਂ ਅਤੇ ਉਸ ਪਵਿੱਤਰ ਹਸਤੀ ਦੇ ਫ਼ਜ਼ਲ ਸਦਕੇ ਮੈਂ ਵੀ ਉਸ ਕਲੀਮ ਦੇ ਪ੍ਰੇਮ ਲਈ ਫ਼ਿਰਓਨੀ ਲੋਕਾਂ ਦਾ ਦੁਸ਼ਮਨ ਹਾਂ ।

ਉਸ ਦੀ ਉਹ ਖ਼ਾਸ ਥਾਂ ਅਤੇ ਪਦਵੀ ਜੋ ਮੇਰੇ ਉੱਤੇ ਪ੍ਰਗਟ ਹੋਈ ਹੈ । ਮੈਂ ਉਸ ਦੀ ਜ਼ਰੂਰ ਚਰਚਾ ਕਰਦਾ ਜੇਕਰ ਇਸ ਰਾਹ ਵਿੱਚ ਕੋਈ ਨੇਕ ਸਰਿਸ਼ਤ ਪਾਉਂਦਾ ।

ਮੁਹੰਮਦ ਦੇ ਇਸ਼ਕ ਵਿੱਚ ਮੇਰਾ ਸਰ ਅਤੇ ਮੇਰੀ ਜਾਨ ਕੁਰਬਾਨ ਹੋ । ਇਹੋ ਮੇਰੀ ਇੱਛਾ, ਮੇਰੀ ਅਰਦਾਸ ਅਤੇ ਮੇਰਾ ਦਿਲੀ ਇਰਾਦਾ ਹੈ ।　　ਅਨੁਵਾਦਕ

ਦੂਜਾ ਦਰਜਾ ਪ੍ਰੇਮ ਦਾ ਉਹ ਹੈ। ਜੋ ਅਸੀਂ ਉੱਤੇ ਬਿਆਨ ਕਰ ਚੁੱਕੇ ਹਾਂ ਜਿਸ ਵਿੱਚ ਦੋਵਾਂ ਪ੍ਰੇਮਾਂ ਦੇ ਮਿਲਨ ਨਾਲ ਰੱਬੀ ਪ੍ਰੇਮ ਦੀ ਅੱਗ ਬੰਦੇ ਦੇ ਦਿਲ੍ਹ ਨੂੰ ਇੰਝ ਗਰਮ ਕਰਦੀ ਹੈ ਕਿ ਉਸ ਵਿੱਚ ਅੱਗ ਦੀ ਸ਼ਕਲ ਉੱਤੇ ਇੱਕ ਚਮਕ ਪੈਦਾ ਹੋ ਜਾਂਦੀ ਹੈ। ਪਰ ਉਸ ਚਮਕ ਵਿੱਚ ਕਿਸੇ ਪ੍ਰਕਾਰ ਦੀ ਅੱਗ ਜਾਂ ਭੜ੍ਹਕਣ ਨਹੀਂ ਹੁੰਦੀ। ਕੇਵਲ ਇੱਕ ਚਮਕ ਹੈ। ਜਿਸ ਨੂੰ ਪਵਿੱਤਰ ਰੂਹ ਦੇ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ।

ਤੀਜਾ ਦਰਜਾ ਪ੍ਰੇਮ ਦਾ ਉਹ ਹੈ। ਜਿਸ ਵਿੱਚ ਰੱਬੀ ਪ੍ਰੇਮ ਦੀ ਇੱਕ ਬਹੁਤ ਰੌਸ਼ਨ ਜਵਾਲਾ ਮਨੁੱਖੀ ਪ੍ਰੇਮ ਦੇ ਤਤਪਰ ਅੰਸ਼ਾਂ ਉੱਤੇ ਪੈ ਕੇ ਉਸ ਨੂੰ ਰੌਸ਼ਨ ਕਰ ਦਿੰਦੀ ਹੈ ਅਤੇ ਉਸ ਦੇ ਸਾਰੇ ਹਿੱਸਿਆਂ ਅਤੇ ਕਣਾਂ ਉੱਤੇ ਅਧਿਕਾਰ ਕਰਕੇ ਆਪਣੀ ਹਸਤੀ ਦਾ ਵੱਧੀਆ ਤੇ ਸੰਪੂਰਨ ਪ੍ਰਗਟਾਵਾ ਬਣਾ ਦਿੰਦੀ ਹੈ ਅਤੇ ਉਸ ਹਾਲਤ ਵਿੱਚ ਰੱਬੀ ਪਿਆਰ ਦੀ ਅੱਗ ਬੰਦੇ ਦੇ ਦਿਲ੍ਹ ਨੂੰ ਨ ਕੇਵਲ ਇੱਕ ਚਮਕ ਦਿੰਦੀ ਹੈ। ਸਗੋਂ ਉਸ ਚਮਕ ਨਾਲ ਸਾਰੀ ਹਸਤੀ ਭੜ੍ਹਕ ਉੱਠਦੀ ਹੈ ਅਤੇ ਉਸ ਦੀ ਲੋ ਅਤੇ ਅੰਗਾਰੇ ਆਸ ਪਾਸ ਨੂੰ ਦਿਨ ਵਾਂਗ ਰੌਸ਼ਨ ਕਰ ਦਿੰਦੇ ਹਨ ਅਤੇ ਕਿਸੇ ਪ੍ਰਕਾਰ ਦਾ ਹਨ੍ਹੇਰ ਬਾਕੀ ਨਹੀਂ ਰਹਿੰਦਾ ਅਤੇ ਸੰਪੂਰਨ ਸਿਫ਼ਤਾਂ ਨਾਲ ਉਹ ਸਾਰੀ ਹਸਤੀ ਅੱਗ ਹੀ ਅੱਗ ਹੋ ਜਾਂਦੀ ਹੈ ਅਤੇ ਇਹ ਹਾਲਤ ਜੋ ਇੱਕ ਰੌਸ਼ਨ ਅੱਗ ਦੀ ਸ਼ਕਲ ਉੱਤੇ ਦੋਵਾਂ ਪ੍ਰੇਮਾਂ ਦੇ ਜੋੜ੍ਹ ਨਾਲ ਪੈਦਾ ਹੁੰਦੀ ਹੈ। ਉਸ ਨੂੰ ਰੂਹ-ਉੱਲ-ਅਮੀਨ[1] ਦੇ ਨਾਂ ਨਾਲ ਸੰਬੋਧਿਤ ਕਰਦੇ ਹਨ। ਕਿਉਂਕਿ

---

[1] ਹਜ਼ਰਤ ਜਿਬਰਾਈਲ ਅਲੈਹਿ ਸਲਾਮ ਅਨੁਵਾਦਕ

ਇਹ ਹਰ ਇੱਕ ਹਨ੍ਹੇਰ ਤੋਂ ਅਮਨ ਬਖ਼ਸ਼ਦੀ ਹੈ ਅਤੇ ਹਰ ਇੱਕ ਗਰਦ ਤੋਂ ਖਾਲ੍ਹੀ ਹੈ ਅਤੇ ਉਸ ਦਾ ਨਾਂ ਸ਼ਦੀਦੁਲਕੁੱਵਾ[1] ਵੀ ਹੈ। ਕਿਉਂਕਿ ਉਹ ਸਰਵੋਤਮ ਸ਼ਕਤੀ ਆਕਾਸ਼ਬਾਣੀ ਹੈ। ਜਿਸ ਤੋਂ ਤਾਕਤਵਰ ਆਕਾਸ਼ਬਾਣੀ ਖ਼ਿਆਲ ਨਹੀਂ ਕੀਤੀ ਜਾ ਸਕਦੀ ਅਤੇ ਉਸ ਦਾ ਨਾਂ ਜ਼ੁਲ-ਉਫ਼ੁਕਿਲ-ਆਲਾ[2] ਵੀ ਹੈ। ਕਿਉਂਕਿ ਇਹ ਆਕਾਸ਼ਬਾਣੀ ਦੀ ਸਰਵੋਤਮ ਚਮਕ ਹੈ ਅਤੇ ਉਸ ਨੂੰ ਰਆ ਮਾ ਰਆ ਦੇ ਨਾਂ ਨਾਲ ਵੀ ਸੱਦੀਆ ਜਾਂਦਾ ਹੈ। ਕਿਉਂਕਿ ਇਸ ਹਾਲਤ ਦਾ ਅਨੁਮਾਨ ਸਾਰੀ ਮਖ਼ਲੂਕ ਦੇ ਅਨੁਮਾਨ, ਅੰਦਾਜ਼ੇ ਅਤੇ ਖ਼ਿਆਲ ਤੋਂ ਬਾਹਰ ਹੈ ਅਤੇ ਇਹ ਹਾਲਤ ਕੇਵਲ ਦੁਨੀਆਂ ਵਿੱਚ ਇੱਕ ਹੀ ਬੰਦੇ ਨੂੰ ਮਿਲੀ ਹੈ। ਜੋ ਸੰਪੂਰਨ ਮਨੁੱਖ ਹੈ। ਜਿਸ ਉੱਤੇ ਸਾਰਾ ਸਿਲਸਿਲਾ ਮਨੁੱਖਤਾ ਦਾ ਖ਼ਤਮ ਹੋ ਗਿਆ ਹੈ ਅਤੇ ਮਨੁੱਖੀ ਸਮਰਥਾ ਦਾ ਖੇਤਰ ਸੰਪੂਰਨਤਾ ਉੱਤੇ ਪਹੁੰਚ ਗਿਆ ਹੈ ਅਤੇ ਉਹ ਵਾਸਤਵ ਵਿੱਚ ਉੱਤਪਤੀ ਦੀ ਵਿਸਤ੍ਰਿਤ ਲੀਕ ਦੇ ਉਪਰਲੇ ਪਾਸੇ ਦਾ ਆਖ਼ਰੀ ਬਿੰਦੂ ਹੈ। ਜੋ ਉੱਤਮਤਾ ਦੇ ਸਾਰੇ ਪੱਧਰਾਂ ਦਾ ਅੰਤ ਹੈ। ਰੱਬੀ ਹਿਕਮਤ ਨੇ ਛੋਟੀ ਤੋਂ ਛੋਟੀ ਰਚਨਾ ਅਤੇ ਨੀਵੇਂ ਤੋਂ ਨੀਵੇਂ ਜੀਵ ਨਾਲ ਜਨਮ ਦਾ ਸਿਲਸਿਲਾ ਸ਼ੁਰੂ ਕਰਕੇ ਉਸ ਉੱਚ ਦਰਜੇ ਦੇ ਨੁਕਤੇ ਤੱਕ ਪਹੁੰਚਾ ਦਿੱਤਾ ਹੈ। ਜਿਸ ਦਾ ਨਾਂ ਦੂਜੇ ਸ਼ਬਦਾਂ ਵਿੱਚ ਮੁਹਮੰਦ ਹੈ ਸੱਲਲਾਹੁ ਅਲੈਹਿ ਵਸਲਮ। ਜਿਸ ਦੇ ਅਰਥ ਇਹ ਹਨ ਕਿ ਬਹੁਤ ਪ੍ਰਸ਼ੰਸਾ ਕੀਤਾ ਗਿਆ। ਅਰਥਾਤ ਸੰਪੂਰਨ ਕਮਾਲਾਂ

---

[1] ਬਹੁਤ ਮਜ਼ਬੂਤ — ਅਨੁਵਾਦਕ

[2] ਉੱਚਤਮ ਸਥਾਨ ਵਾਲਾ — ਅਨੁਵਾਦਕ

ਦਾ ਪ੍ਰਗਟਾਵਾ। ਸੋ, ਜਿਵੇਂ ਕਿ ਸੁਭਾਅ ਅਨੁਸਾਰ ਉਸ ਨਬੀ ਦਾ ਉੱਚ ਅਤੇ ਉੱਚਤਮ ਸਥਾਨ ਸੀ। ਇੰਞ ਹੀ ਬਾਹਰੀ ਰੂਪ ਵਿੱਚ ਵੀ ਉੱਚ ਅਤੇ ਉੱਚਤਮ ਸਥਾਨ ਆਕਾਸ਼ਬਾਣੀ ਦਾ ਉਸ ਨੂੰ ਪ੍ਰਦਾਨ ਹੋਇਆ ਅਤੇ ਉੱਚ ਅਤੇ ਉੱਚਤਮ ਸਥਾਨ ਪ੍ਰੇਮ ਦਾ ਮਿਲਿਆ। ਇਹ ਉਹ ਉੱਚ ਸਥਾਨ ਹੈ ਕਿ ਮੈਂ ਅਤੇ ਮਸੀਹ ਦੋਵੇਂ ਉਸ ਸਥਾਨ ਤੱਕ ਨਹੀਂ ਪਹੁੰਚ ਸਕਦੇ। ਉਸ ਦਾ ਨਾਂ "ਮੁਕਾਮ ਜਮਾਂ" ਤੇ "ਮੁਕਾਮ ਸੰਪੂਰਨ ਏਕਤਾ" ਹੈ। ਪਹਿਲੇ ਨਬੀਆਂ ਨੇ ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੇ ਆਗਮਨ ਦੀ ਖ਼ਬਰ ਦਿੱਤੀ ਹੈ। ਉਨ੍ਹਾਂ ਨਿਸ਼ਾਨਾਂ ਉੱਤੇ ਹੀ ਖ਼ਬਰ ਦਿੱਤੀ ਹੈ ਅਤੇ ਉਸੇ ਸਥਾਨ ਵੱਲ੍ਹ ਇਸ਼ਾਰਾ ਕੀਤਾ ਹੈ ਅਤੇ ਜਿਵੇਂ ਕਿ ਮਸੀਹ ਅਤੇ ਇਸ ਵਿਨਮ੍ਰ ਦੀ ਸਥਿਤੀ ਅਜਿਹੀ ਹੈ ਕਿ ਉਸ ਦੀ ਉਪਮਾ ਵੱਜੋਂ ਪੁੱਤਰ ਦੇ ਸ਼ਬਦ ਨਾਲ ਵਿਆਖਿਆ ਕਰ ਸਕਦੇ ਹਾਂ। ਇੰਞ ਹੀ ਇਹ ਸਥਾਨ ਉਹ ਉੱਚਤਮ ਸਥਾਨ ਹੈ ਕਿ ਪਿਛਲੇ ਨਬੀਆਂ ਨੇ ਉਪਮਾ ਵੱਜੋਂ ਇਸ ਸਥਾਨ ਦੇ ਸਾਹਿਬ ਨੂੰ ਰੱਬ ਦਾ ਪ੍ਰਗਟਾਵਾ ਕਰਾਰ ਦਿੱਤਾ ਅਤੇ ਉਸ ਦਾ ਆਉਣਾ ਰੱਬ ਦਾ ਆਉਣਾ ਮਿੱਥਿਆ ਹੈ ਜਿਵੇਂ ਕਿ ਹਜ਼ਰਤ ਮਸੀਹ ਨੇ ਵੀ ਇੱਕ ਮਿਸਾਲ ਪੈਸ਼ ਕਰਕੇ ਕਿਹਾ ਹੈ ਕਿ ਅੰਗੁਰਿਸਤਾਨ ਦਾ ਫੱਲ੍ਹ ਲੈਣ ਲਈ ਪਹਿਲੇ ਬਾਗ਼ ਦੇ ਮਾਲਿਕ ਨੇ (ਜੋ ਰੱਬ ਹੈ) ਆਪਣੇ ਨੌਕਰਾਂ ਨੂੰ ਭੇਜਿਆ। ਅਰਥਾਤ ਆਰੰਭਿਕ[1] ਨੇਤ੍ਰਤਾ ਵਾਲਿਆਂ ਨੂੰ। ਜਿਨ੍ਹਾਂ ਤੋਂ ਮੁਰਾਦ ਉਹ ਸਾਰੇ ਸੁਧਾਰਕ ਹਨ।

[1] ਆਰੰਭਿਕ ਦਰਜਾ ਪੜ੍ਹਿਆ ਜਾਵੇ।

ਜੋ ਹਜ਼ਰਤ ਮਸੀਹ ਦੇ ਜ਼ਮਾਨੇ ਵਿੱਚ ਅਤੇ ਉਸੇ ਸਦੀ ਵਿੱਚ ਪਰ ਕੁੱਝ ਕੋ ਉਨ੍ਹਾਂ ਤੋਂ ਪਹਿਲਾਂ ਆਏ। ਫ਼ਿਰ ਜੱਦ ਬਾਗ਼ਬਾਨਾਂ ਨੇ ਬਾਗ਼ ਦਾ ਫ਼ੱਲ੍ਹ ਦੇਣ ਤੋਂ ਇੰਨਕਾਰ ਕਰ ਦਿੱਤਾ ਤਾਂ ਬਾਗ਼ ਦੇ ਮਾਲਿਕ ਨੇ ਨਸੀਹਤ ਵੱਜੋਂ ਆਪਣੇ ਪੁੱਤਰ ਨੂੰ ਉਨ੍ਹਾਂ ਵੱਲ੍ਹ ਭੇਜਿਆ ਤਾਂ ਉਸ ਨੂੰ ਪੁੱਤਰ ਸਮਝ ਕੇ ਬਾਗ਼ ਦੇ ਫ਼ੱਲ੍ਹ ਉਸ ਦੇ ਹਵਾਲੇ ਕਰਨ। ਪੁੱਤਰ ਤੋਂ ਮੁਰਾਦ ਇੱਥੇ ਮਸੀਹ ਹੈ। ਜਿਨ੍ਹਾਂ ਨੂੰ ਦੂਜਾ ਦਰਜਾ ਨੇੜ੍ਹਤਾ ਅਤੇ ਪ੍ਰੇਮ ਦਾ ਪ੍ਰਾਪਤ ਹੈ। ਪਰ ਬਾਗ਼ਬਾਨਾਂ ਨੇ ਉਸ ਪੁੱਤਰ ਨੂੰ ਵੀ ਬਾਗ਼ ਦਾ ਫ਼ੱਲ੍ਹ ਨ ਦਿੱਤਾ। ਸਗੋਂ ਆਪਣੇ ਭਰਮ ਵਿੱਚ ਉਸ ਨੂੰ ਕਤਲ ਕਰ ਦਿੱਤਾ। ਮਗਰੋਂ ਹਜ਼ਰਤ ਮਸੀਹ ਕਹਿੰਦੇ ਹਨ ਕਿ ਹੁਣ ਬਾਗ਼ ਦਾ ਮਾਲਿਕ ਆਪ ਆਏਗਾ। ਅਰਥਾਤ ਰੱਬ ਆਪ ਪ੍ਰਕਟ ਹੋਵੇਗਾ ਤਾਂ ਬਾਗ਼ਬਾਨਾਂ ਨੂੰ ਕਤਲ ਕਰਕੇ ਬਾਗ਼ ਨੂੰ ਅਜਿਹੇ ਲੋਕਾਂ ਦੇ ਹਵਾਲੇ ਕਰੇ ਕਿ ਆਪਣੇ ਸਮੇਂ ਉੱਤੇ ਫੱਲ੍ਹ ਦੇਣ। ਇੱਥੇ ਰੱਬ ਦੇ ਆਉਣ ਦਾ ਅਰਥ ਹਜ਼ਰਤ ਮੁਹੱਮਦ ਮੁਸਤਫਾ ਸੱਲਲਾਹੁ ਅਲੈਹਿ ਵਸਲਮ ਦਾ ਆਉਣਾ ਹੈ। ਜੋ ਨੇੜ੍ਹਤਾ ਅਤੇ ਪ੍ਰੇਮ ਦਾ ਤੀਜਾ ਦਰਜਾ ਆਪਣੇ ਲਈ ਰੱਖਦੇ ਹਨ[1] ਅਤੇ ਇਹ ਸਾਰੇ

---

[1] ਸਾਡੇ ਸਯੱਦ ਓ ਮੌਲਾ ਖ਼ਾਤਮੁੱਲ-ਅੰਬੀਆ ਦੀ ਤੁਲਣਾ ਕੇਵਲ ਹਜ਼ਰਤ ਮਸੀਹ ਨੇ ਹੀ ਬਿਆਨ ਨਹੀਂ ਕੀਤਾ ਕਿ ਆਪ ਦਾ ਦੁਨੀਆਂ ਵਿੱਚ ਆਉਣਾ ਅਸਲ ਵਿੱਚ ਰੱਬ ਦਾ ਆਉਣਾ ਹੈ। ਸਗੋਂ ਅਜੀਹਾ ਕਲਾਮ ਦੂਜੇ ਨਬੀਆਂ ਨੇ ਵੀ ਆਂਹਜ਼ਰਤ ਸਲੱਲਾਹੁ ਅਲੈਹਿ ਵਸਲਮ ਦੇ ਪੱਖ ਵਿੱਚ ਆਪਣੀ ਆਪਣੀ ਭਵਿੱਖਬਾਣਿਆਂ ਵਿੱਚ ਬਿਆਨ ਕੀਤਾ ਹੈ ਅਤੇ ਉਪਮਾ ਵੱਜੋਂ ਆਪ ਦੇ ਆਉਣ ਨੂੰ ਰੱਬ ਦਾ ਆਉਣਾ ਦੱਸਿਆ। ਸਗੋਂ ਸੰਪੂਰਨ ਰੱਬੀ ਪ੍ਰਗਟਾਵੇ ਕਰਕੇ ਆਪ ਨੂੰ ਰੱਬ ਕਰਕੇ ਸੱਦਿਆ ਸੋ, ਹਜ਼ਰਤ ਦਾਊਦ ਦੀ ਜ਼ਬੂਰ ਵਿੱਚ ਲਿੱਖਿਆ ਹੈ " ਤੂੰ ਖ਼ੂਬਸੁਰਤੀ ਵਿੱਚ ਮਨੁੱਖਾਂ ਤੋਂ ਕਿੱਥੇ ਵੱਧ ਹੈ। ਤੇਰੇ ਬੁੱਲਾਂ ਵਿੱਚ ਨੇਅਮਤ ਰੱਖੀ ਗਈ। ਇਸੇ ਲਈ ਰੱਬ ਨੇ ਤੈਨੂੰ ਸਦਾ ਲਈ ਮੁਬਾਰਕ ਕੀਤਾ

(ਅਰਥਾਤ ਤੂੰ ਖ਼ਾਤਮੁੱਲ-ਅੰਬੀਆ ਠਹਿਰਾ) । ਹੇ ਪਹਿਲਵਾਨ ! ਤੂੰ ਮਾਣ ਸਤਿਕਾਰ ਨਾਲ ਆਪਣੀ ਤਲਵਾਰ ਆਪਣੇ ਪੱਟ ਉੱਤੇ ਲੰਮਕਾ । ਅਮਾਨਤ, ਨਰਮੀ ਅਤੇ ਅਦਾਲਤ ਉੱਤੇ ਆਪਣੀ ਮਹਾਨਤਾ ਅਤੇ ਉਦਾਰਤਾ ਨਾਲ ਸਵਾਰ ਹੋ । ਤੇਰਾ ਸੱਜਾ ਹੱਥ ਤੈਨੂੰ ਸ਼ਾਨਦਾਰ ਕੰਮ ਵਿਖਾਏਗਾ । ਬਾਦਸ਼ਾਹ ਦੇ ਦੁਸ਼ਮਨਾਂ ਦੇ ਦਿਲ੍ਹਾਂ ਵਿੱਚ ਤੇਰੇ ਤੀਰ ਤੇਜ਼ੀ ਕਰਦੇ ਹਨ । ਲੋਕ ਤੁਹਾਡੇ ਸਾਮ੍ਹਣੇ ਗੜ੍ਹ ਜਾਂਦੇ ਹਨ ਹੇ ਖ਼ੁਦਾ ! ਤੇਰਾ ਤੱਖਤ ਹਮੇਸ਼ ਲਈ ਹੈ । ਤੇਰੀ ਹਕੂਮਤ ਦੀ ਲਾਠੀ ਸੱਚਾਈ ਦੀ ਲਾਠੀ ਹੈ । ਤੂੰ ਸੱਚਾਈ ਨਾਲ ਦੋਸਤੀ ਅਤੇ ਬੁਰਾਈ ਨਾਲ ਦੁਸ਼ਮਨੀ ਕੀਤੀ ਹੈ । ਇਸੇ ਲਈ ਰੱਬ ਨੇ ਜੋ ਤੁਹਾਡਾ ਰੱਬ ਹੈ ਖੁਸ਼ੀ ਦੇ ਇੱਤਰ ਨਾਲ ਤੇਰੇ ਸਾਥੀਆਂ ਤੋਂ ਵੱਧ ਤੈਨੂੰ ਸੁਗੰਧਿਤ ਕੀਤਾ ਹੈ " ਵੇਖੋ ਜ਼ਬੂਰ: 45 ਹੁਣ ਜਾਨਣਾ ਚਾਹੀਦਾ ਹੈ ਕਿ ਜ਼ਬੂਰ ਦਾ ਇਹ ਵਾਕੰਸ਼ ਕਿ ਹੇ ਰੱਬ ! ਤੇਰਾ ਤੱਖਤ ਹਮੇਸ਼ ਲਈ ਹੈ ਤੇਰੀ ਹਕੂਮਤ ਦੀ ਲਾਠੀ ਸੱਚਾਈ ਦੀ ਲਾਠੀ ਹੈ । ਇਹ ਕੇਵਲ ਉਪਮਾ ਵੱਜੋਂ ਹੈ । ਜਿਸ ਦਾ ਅਰਥ ਇਹੋ ਹੈ ਕਿ ਜੋ ਅਧਿਆਤਮਿਕ ਰੂਪ ਵਿੱਚ ਮੁਹੰਮਦੀ ਸ਼ਾਨ ਹੈ । ਉਸ ਨੂੰ ਵਿਅਕਤ ਕਰ ਦਿੱਤਾ ਜਾਵੇ । ਫਿਰ ਯਸਾਯਾਹ ਨਬੀ ਦੀ ਕਿਤਾਬ ਵਿੱਚ ਵੀ ਇੰਝ ਹੀ ਲਿੱਖਿਆ ਹੈ । ਸੋ, ਉਸ ਦਾ ਵਾਕੰਸ਼ ਇਹ ਹੈ

" ਵੇਖੋ ਮੇਰਾ ਬੰਦਾ ਜਿਸ ਨੂੰ ਮੈਂ ਸਾਂਭਾਗਾ । ਮੇਰਾ ਚੋਣਵਾਂ ਜਿਸ ਨਾਲ ਮੇਰਾ ਚਿੱਤ ਰਾਜ਼ੀ ਹੈ । ਮੈਂ ਆਪਣੀ ਰੂਹ ਉਸ ਉੱਤੇ ਰੱਖੀ । ਉਹ ਕੌਮਾਂ ਉੱਤੇ ਸੱਚਾਈ ਪ੍ਰਕਟ ਕਰੇਗਾ । ਉਹ ਨ ਰੌਲ੍ਹਾ ਪਾਏਗਾ ਅਤੇ ਨ ਆਪਣੀ ਆਵਾਜ਼ ਚੁੱਕੇਗਾ ਅਤੇ ਆਪਣੀ ਆਵਾਜ਼ ਬਾਜ਼ਾਰਾਂ ਵਿੱਚ ਨਹੀਂ ਸੁਣਾਏਗਾ । ਉਹ ਕੁੱਚਲੇ ਹੋਏ ਸੋਹਠੇ ਨੂੰ ਨਹੀਂ ਤੋੜ੍ਹੇਗਾ ਅਤੇ ਸੱਨ ਨੂੰ ਜਿਸ ਨਾਲ ਧੂਆਂ ਉੱਠਦਾ ਹੈ ਨ ਬੁਝਾਏਗਾ । ਜੱਦ ਤੱਕ ਕਿ ਸੱਚਾਈ ਨੂੰ ਅਮਨ ਨਾਲ ਪ੍ਰਕਟ ਨ ਕਰੇ । ਉਹ ਨ ਘੱਟੇਗਾ ਨ ਥੱਕੇਗਾ ਜੱਦ ਤੱਕ ਕਿ ਸੱਚਾਈ ਨੂੰ ਜ਼ਮੀਨ ਉੱਤੇ ਸਥਾਪਿਤ ਨ ਕਰੇ ਅਤੇ ਟਾਪੂ ਉਸ ਦੀ ਸ਼ਰੀਅਤ ਦੇ ਉਡੀਕਵਾਨ ਹੋਣਗੇ । ਰੱਬ ਇੱਕ ਬਹਾਦਰ ਵਾਂਗ ਨਿਕਲੇਗਾ । ਉਹ ਜੰਗੀ ਬੰਦੇ ਵਾਂਗ ਆਪਣੀ ਅਣਖ ਨੂੰ ਵਧਾਏਗਾ" ।

ਹੁਣ ਜਾਣਨਾ ਚਾਹੀਦਾ ਹੈ ਕਿ ਇਹ ਵਾਕੰਸ਼ ਕਿ ਰੱਬ ਇੱਕ ਬਹਾਦਰ ਵਾਂਗ ਨਿਕਲੇਗਾ ਇਹ ਵੀ ਉਪਮਾ ਵੱਜੋਂ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੇ ਸ਼ਾਨਦਾਰ ਪ੍ਰਕਟਾਵੇ ਨੂੰ ਵਿਅਕਤ ਕਰ ਰਿਹਾ ਹੈ । ਵੇਖੋ ਯਸਾਯਾਹ ਨਬੀ ਦੀ ਕਿਤਾਬ ਅਧਿਆਏ 42 ਅਤੇ ਇੰਝ ਹੀ ਹੋਰ ਕਈ ਨਬੀਆਂ ਨੇ ਵੀ ਉਪਮਾਂ ਨੂੰ ਆਪਣੀ ਭਵਿੱਖਬਾਣੀ ਵਿੱਚ ਆਂਹਜ਼ਰਤ ਸਲੱਲਾਹੁ ਅਲੈਹਿ ਵਸਲਮ ਦੀ ਸ਼ਾਨ ਵਿੱਚ ਵਰਤੀਆ ਹੈ । ਪਰ ਜੱਦ ਕਿ ਉਨ੍ਹਾਂ ਸਾਰੀਆਂ ਦੇ ਲਿੱਖਣ ਨਾਲ (ਲੇਖ) ਲੰਮਾ ਹੋ ਜਾਂਦਾ ਹੈ । ਇਸੇ ਲਈ ਇਸ ਉੱਤੇ ਬਸ ਕਰਦਾ ਹਾਂ ਅਤੇ ਮੈਂ ਜੋ ਇੱਥੇ ਤਿੰਨ ਅਹੁਦੇ ਨੇਤ੍ਰਤਾ ਅਤੇ ਪ੍ਰੇਮ ਦੇ ਲਿੱਖ

ਅਧਿਆਤਮਿਕ ਸਥਾਨ ਹਨ ਕਿ ਜੋ ਉਪਮਾ ਵੱਜੋਂ ਅਨੁਸਾਰੀ ਸ਼ਬਦਾਂ ਵਿੱਚ ਬਿਆਨ ਕੀਤੇ ਗਏ ਹਨ। ਇਹ ਨਹੀਂ ਕਿ ਅਸਲ ਪੁੱਤਰ ਇੱਥੇ ਮੁਰਾਦ ਹੈ ਜਾਂ ਅਸਲ ਖੁਦਾਈ ਮੁਰਾਦ ਲਈ ਗਈ ਹੈ।

ਇੱਥੇ ਇਹ ਦੱਸਣਾ ਬੇਅਰਥ ਨਹੀਂ ਹੋਵੇਗਾ ਕਿ ਜੋ ਕੁੱਝ ਅਸੀਂ ਰੂਹੁਲ ਕੁਦੁਸ ਅਤੇ ਰੂਹੁਲ ਅਮੀਨ ਆਦਿ ਬਾਰੇ ਲਿਖਿੱਆ ਹੈ। ਇਹ ਵਾਸਤਵ ਵਿੱਚ ਉਨ੍ਹਾਂ ਅਕੀਦੀਆਂ ਨਾਲੋਂ, ਜੋ ਮੁਸਲਮਾਨ ਫ਼ਰਿਸ਼ਤੀਆਂ ਬਾਰੇ ਰੱਖਦੇ ਹਨ, ਉਲਟ ਨਹੀਂ ਹਨ। ਕਿਉਂਕਿ ਮੁਸਲਮਾਨ ਵਿਦਵਾਨ ਖ਼ੋਜਕਾਰ ਕਦੇ ਵੀ ਇਸ ਗੱਲ੍ਹ ਉੱਤੇ ਰਾਜ਼ੀ ਨਹੀਂ ਕਿ ਫ਼ਰਿਸ਼ਤੇ ਆਪਣੀ ਨਿੱਜੀ ਹਸਤੀ ਨਾਲ ਮਨੁੱਖ ਵਾਂਗ ਪੈਰਾਂ ਨਾਲ ਚੱਲ ਕੇ ਜ਼ਮੀਨ ਉੱਤੇ ਆਉਂਦੇ ਹਨ ਅਤੇ ਇਹ ਖਿਆਲ ਵੀ ਬਿਲਕੁੱਲ ਝੂਠ ਹੈ। ਕਿਉਂਕਿ ਜੇਕਰ ਇਹ ਜ਼ਰੂਰ ਹੁੰਦਾ ਕਿ ਫ਼ਰਿਸ਼ਤੇ ਆਪਣੀ ਸੇਵਾਵਾਂ ਨਿਭਾਉਣ ਲਈ ਆਪਣੀ ਅਸਲ ਹਸਤੀ ਨਾਲ ਜ਼ਮੀਨ ਉੱਤੇ ਆਉਂਦੇ ਤਾਂ ਫ਼ਿਰ ਉਨ੍ਹਾਂ ਤੋਂ ਨਤੀਜੇ ਯੋਗ ਕੋਈ ਕੰਮ ਹੋਣਾ ਬਿਲਕੁੱਲ ਅਸੰਭਵ ਸਨ। ਮਿਸਾਲ ਵੱਜੋਂ ਮੌਤ ਦਾ ਫ਼ਰਿਸ਼ਤਾ ਜੋ ਇੱਕ ਸੈਕੰਡ ਵਿੱਚ ਹਜ਼ਾਰ ਵਾਰ ਅਜਿਹੇ ਲੋਕਾਂ ਦੀ ਜਾਨ ਕੱਢਦਾ ਹੈ। ਜੋ ਵੱਖੋ ਵੱਖ ਕਸਬੀਆਂ ਅਤੇ ਸ਼ਹਿਰਾਂ ਵਿੱਚ ਇੱਕ ਦੂਜੇ ਤੋਂ ਹਜ਼ਾਰਾਂ ਮੀਲਾਂ ਤੱਕ ਦੀ ਦੂਰੀ ਉੱਤੇ ਰਹਿੰਦੇ ਹਨ। ਜੇਕਰ ਹਰ ਇੱਕ ਇਸ ਗੱਲੋਂ ਲੋੜ੍ਹਵੰਧ ਹੋਵੇ ਕਿ ਪਹਿਲਾਂ ਪੈਰਾਂ

---

ਕੇ ਤੀਜਾ ਸਥਾਨ ਕਿ ਜੋ ਸਭ ਤੋਂ ਬੁਜ਼ੁਰਗ ਅਹੁਦਾ ਹੈ। ਆਂਹਜ਼ਰਤ ਸਲੱਲਾਹੁ ਅਲੈਹਿ ਵਸੱਲਮ ਲਈ ਪ੍ਰਮਾਣਿਤ ਕੀਤਾ ਹੈ। ਇਹ ਮੇਰਾ ਆਪਣਾ ਖਿਆਲ ਨਹੀਂ। ਸਗੋਂ ਆਕਾਸ਼ਬਾਣੀ ਰਾਹੀਂ ਰੱਬ ਨੇ ਮੇਰੇ ਉੱਤੇ ਖੋੱਲ੍ਹ ਦਿੱਤਾ ਹੈ।

ਥਾਈਂ ਚੱਲ ਕੇ ਉਸ ਦੇਸ਼, ਸ਼ਹਿਰ ਅਤੇ ਘਰ ਜਾਏ ਅਤੇ ਫ਼ਿਰ ਇੰਨੀ ਮਹਿਨਤ ਮਗਰੋਂ ਜਾਨ ਕੱਢਣ ਦਾ ਉਸ ਨੂੰ ਮੌਕਾ ਮਿਲੇ ਤਾਂ ਇੱਕ ਸੈਕੰਡ ਕੀ ਇੰਨੇ ਵੱਡੇ ਕਾਰਜ ਲਈ ਤਾਂ ਕਈ ਮਹੀਨੀਆਂ ਦੀ ਠਿਲ੍ਹ ਵੀ ਕਾਫ਼ੀ ਨਹੀਂ ਹੋ ਸਕਦੀ। ਕੀ ਇਹ ਸੰਭਵ ਹੈ ਕਿ ਇੱਕ ਮਨੁੱਖ ਵਾਂਗ ਹਰਕਤਾਂ ਕਰਕੇ ਇੱਕ ਝੱਪਕੀ ਜਾਂ ਇਸ ਤੋਂ ਘੱਟ ਸਮੇਂ ਵਿੱਚ ਸਾਰੀ ਦੁਨੀਆਂ ਘੁੰਮ ਆਏ ? ਕਦੇ ਨਹੀਂ। ਸਗੋਂ ਫ਼ਰਿਸ਼ਤੇ ਆਪਣੇ ਅਸਲੀ ਸਥਾਨਾਂ ਉੱਤੋਂ ਜੋ ਉਨ੍ਹਾਂ ਲਈ ਰੱਬ ਵੱਲੋਂ ਨਿਯੁੱਕਤ ਹਨ। ਇੱਕ ਕਣ ਬਰਾਬਰ ਵੀ ਅੱਗੇ ਪਿੱਛੇ ਨਹੀਂ ਹੁੰਦੇ। ਜਿਵੇਂ ਕਿ ਰੱਬ ਉਨ੍ਹਾਂ ਵੱਲੋਂ ਕੁਰਆਨ ਸ਼ਰੀਫ ਵਿੱਚ ਫ਼ਰਮਾਉਂਦਾ ਹੈ :

وَمَا مِنَّا إِلَّا لَهُ مَقَامٌ مَّعْلُومٌ 165 وَإِنَّا لَنَحْنُ الصَّافُّونَ 166[1]

ਸੋ, ਅਸਲ ਗੱਲ੍ਹ ਇਹ ਹੈ ਕਿ ਜਿਵੇਂ ਸੂਰਜ ਆਪਣੇ ਸਥਾਨ ਉੱਤੇ ਹੈ ਅਤੇ ਉਸ ਦੀ ਗਰਮੀ ਅਤੇ ਪ੍ਰਕਾਸ਼ ਜ਼ਮੀਨ ਉੱਤੇ ਫੈਲ੍ਹ ਕੇ ਆਪਣੀਆਂ ਖ਼ੂਬੀਆਂ ਦੇ ਅਨੁਕੂਲ ਜ਼ਮੀਨ ਦੀ ਹਰ ਇੱਕ ਚੀਜ਼ ਨੂੰ ਲਾਭ ਪਹੁੰਚਾ ਰਿਹਾ ਹੈ । ਇੰਝ ਹੀ ਆਕਾਸ਼ੀ ਅਧਿਆਤਮਿਕਤਾਵਾਂ ਭਾਵੇਂ ਉਨ੍ਹਾਂ ਨੂੰ ਯੂਨਾਨੀਆਂ ਦੇ ਖ਼ਿਆਲ ਅਨੁਕੂਲ ਜੋਤਿਸ਼ ਵਿਗਿਆਨ ਦਾ ਨਾਂ ਦੇਈਏ ਜਾਂ ਉਨ੍ਹਾਂ ਨੂੰ ਦਸਤੀਰ ਅਤੇ ਵੇਦ ਅਨੁਸਾਰ ਭੂਤਾਂ ਆਤਮਾਵਾਂ ਦਾ ਨਾਂ ਦੇਈਏ ਜਾਂ ਬਹੁਤ ਸਿੱਧੇ ਅਤੇ ਨਤੀਜੇ ਯੋਗ ਤਰੀਕ ਨਾਲ ਰੱਬ ਦੇ

[1] ਅਤੇ ਅਸੀਂ ਸਭਨਾਂ ਵਾਸਤੇ ਇੱਕ ਸਥਾਨ ਨੀਅਤ ਕੀਤਾ ਹੋਇਆ ਹੈ ਅਤੇ ਅਸੀਂ ਸਾਰੇ ਹੀ ਰੱਬ ਦੇ ਹਜ਼ੂਰ ਪਾਲਾਂ ਬਨ੍ਹ ਕੇ ਖੜ੍ਹੇ ਹਾਂ। (ਇਹ ਅਨੁਵਾਦ ਤਫ਼ਸੀਰ-ਏ-ਸਗ਼ੀਰ (ਪੰਜਾਬੀ ਅਨੁਵਾਦ) ਤੋਂ ਲਿਆ ਗਿਆ ਹੈ-ਸੁਰਾਤੁਸਾੱਫ਼ਾੱਤ ਆਇਤ ਨੰਬਰ 165-166) ਅਨੁਵਾਦਕ

ਫ਼ਰਿਸ਼ਤੀਆਂ ਦੀ ਉਨ੍ਹਾਂ ਨੂੰ ਉਪਾਧੀ ਦੇਣ[1] । ਵਾਸਤਵ ਵਿੱਚ ਇਹ ਅਜੀਬ ਸਿਰਜਨਾ ਆਪਣੀ ਥਾਂ ਵਿੱਚ ਸਥਿਰ ਅਤੇ ਦ੍ਰਿੜ੍ਹ ਹੈ ਅਤੇ ਰੱਬ ਦੀ ਸੰਪੂਰਨ ਹਿਕਮਤ ਅਨੁਸਾਰ ਜ਼ਮੀਨ ਦੀ ਹਰ ਇੱਕ ਤਤਪਰ ਚੀਜ਼ ਨੂੰ ਉਸ ਦੇ ਕਮਾਲ ਤੱਕ ਪਹੁੰਚਾਉਣ ਲਈ ਇਹ ਅਧਿਆਤਮਿਕਤਾਵਾਂ ਸੇਵਾ ਵਿੱਚ ਲੱਗੀਆਂ ਹੋਈਆਂ ਹਨ । ਬਾਹਰੀ ਸੇਵਾਵਾਂ ਵੀ ਕਰਦੀਆਂ ਹਨ ਅਤੇ ਅੰਦਰੂਨੀ ਵੀ । ਜਿਵੇਂ ਸਾਡੇ ਸ਼ਰੀਰਾਂ ਅਤੇ ਸਾਡੀ ਸਾਰੀ ਬਾਹਰੀ ਤਾਕਤਾਂ ਉੱਤੇ ਸੂਰਜ ਅਤੇ ਚੰਨ ਅਤੇ ਹੋਰ ਆਕਾਸ਼ੀ ਪਿੰਡਾਂ ਦਾ ਅਸਰ ਹੈ । ਇੰਞ ਹੀ ਸਾਡੇ ਦਿਲ੍ਹ, ਦਿਮਾਗ ਅਤੇ ਸਾਡੀ ਸਾਰੀ ਰੂਹਾਨੀ ਤਾਕਤਾਂ ਉੱਤੇ ਇਹ ਸਾਰੇ ਫ਼ਰਿਸ਼ਤੇ ਸਾਡੀਆਂ ਵੱਖੋ ਵੱਖ ਸ਼ਕਤੀਆਂ ਦੇ ਅਨੁਕੂਲ ਆਪਣਾ ਅਸਰ ਪਾ ਰਹੇ ਹਨ । ਜੋ ਚੀਜ਼ ਕੋਈ ਸ਼ਾਨਦਾਰ ਜੋਹਰ ਬਣਨ ਦੀ ਆਪਣੇ ਅੰਦਰ ਯੋਗਤਾ ਰੱਖਦੀ ਹੈ । ਉਹ ਭਾਵੇਂ ਖ਼ਾਕ ਦਾ ਇੱਕ ਟੁਕੜ੍ਹਾ ਹੈ ਜਾਂ ਪਾਣੀ ਦੀ ਉਹ ਬੂੰਦ ਜੋ ਸੀਪ ਵਿੱਚ ਦਾਖ਼ਲ ਹੁੰਦੀ ਹੈ ਜਾਂ ਪਾਣੀ ਦੀ ਉਹ ਬੂੰਦ ਜੋ ਬੱਚੇਦਾਨੀ ਵਿੱਚ ਪੈਂਦੀ ਹੈ । ਉਹ ਇਨ੍ਹਾਂ ਫ਼ਰਿਸ਼ਤੀਆਂ ਦੀ ਰੂਹਾਨੀ ਸਿੱਖਲਾਈ ਨਾਲ ਮੋਤੀ, ਹੀਰੇ, ਰੂਬੀ ਅਤੇ ਨੀਲਮ ਆਦਿ ਜਾਂ ਬਹੁਤ ਚਮਕੀਲਾ ਅਤੇ ਭਾਰੀ ਮੋਤੀ ਜਾਂ ਉੱਚਤਮ ਦਿਲ੍ਹ ਅਤੇ ਦਿਮਾਗ ਦਾ ਮਨੁੱਖ ਬਣ ਜਾਂਦਾ ਹੈ । ਦਸਾਤੀਰ ਜਿਸ ਨੂੰ ਮਜੂਸੀ ਲੋਕ ਰੱਬੀ ਕਲਾਮ ਮੰਨਦੇ ਹਨ । ਜਿਸ

[1] ਫ਼ਰਿਸ਼ਤੇ ਇਨ੍ਹਾਂ ਅਰਥਾਂ ਨਾਲ ਫ਼ਰਿਸ਼ਤੇ ਅਖਵਾਉਂਦੇ ਹਨ ਕਿ ਉਹ ਆਕਾਸ਼ੀ ਸ਼ਰੀਰਾਂ ਅਤੇ ਧਰਾਤਲੀ ਸ਼ਰੀਰਾਂ ਦੀ ਕਸੌਟੀ ਹਨ । ਅਰਥਾਤ ਉਨ੍ਹਾਂ ਦੇ ਗਠਨ ਅਤੇ ਬਾਕੀ ਰਹਿਣ ਲਈ ਰੂਹ ਵਾਂਗ ਹਨ ਅਤੇ ਇਨ੍ਹਾਂ ਅਰਥਾਂ ਨਾਲ ਵੀ ਫ਼ਰਿਸ਼ਤੇ ਅਖਵਾਉਂਦੇ ਹਨ ਕਿ ਉਹ ਰਸੂਲਾਂ ਦਾ ਕੰਮ ਦਿੰਦੇ ਹਨ ।

ਨੇ ਆਪਣਾ ਸਮਾਂ ਉਹ ਲੰਮਾ ਇਤਿਹਾਸ ਦੱਸੀਆ ਹੈ । ਜਿਸ ਦਾ ਕਰੋੜ੍ਹਵਾਂ ਭਾਗ ਵੀ ਵੇਦ ਦੀ ਤੁਲਣਾ ਬਿਆਨ ਨਹੀਂ ਕੀਤਾ ਗਿਆ । ਅਰਥਾਤ ਵੇਦ ਦੀ ਤੁਲਣਾ ਤਾਂ ਕੇਵਲ ਇੱਕ ਅਰਬ ਛਿਆਨਵੇ ਕਰੋੜ੍ਹ ਸਾਲ ਕੇਵਲ ਦੂਜੀਆਂ ਦੇ ਖ਼ਿਆਲ ਅਤੇ ਅੰਦਾਜ਼ੇ ਨਾਲ ਕਰਾਰ ਦਿੱਤੇ ਗਏ ਹਨ । ਪਰ ਦਸਾਤੀਰ ਤਿੰਨ ਸੰਨਖ ਤੋਂ ਕੁੱਝ ਵੱਧ ਆਪਣਾ ਸਮਾਂ ਆਪ ਬਿਆਨ ਕਰਦਾ ਹੈ । ਸਗੋਂ ਇਹ ਤਾਂ ਅਸੀ ਡਰਦੇ ਡਰਦੇ ਲਿੱਖਿਆ ਹੈ । ਉੱਥੇ ਤਾਂ ਸੰਨਖਾਂ ਦੀ ਹੱਦ ਤੋਂ ਵੱਧ ਤਿੰਨ ਸਿਫ਼ਰ ਹੋਰ ਵੀ ਹਨ । ਇਹ ਕਿਤਾਬ ਉਨ੍ਹਾਂ ਅਧਿਆਤਮਿਕਤਾਵਾਂ ਨੂੰ ਜੋ ਤਾਰਾ ਮੰਡਲ ਅਤੇ ਆਕਾਸ਼ ਨਾਲ ਸੰਬੰਧ ਰੱਖਦੀਆਂ ਹਨ । ਨ ਕੇਵਲ ਫ਼ਰਿਸ਼ਤੇ ਕਰਾਰ ਦਿੰਦਾ ਹੈ । ਸਗੋਂ ਉਨ੍ਹਾਂ ਦੀ ਪੂਜਾ ਲਈ ਵੀ ਨਸੀਹਤ ਕਰਦਾ ਹੈ । ਇੰਝ ਹੀ ਵੇਦ ਵੀ ਉਨ੍ਹਾਂ ਅਧਿਆਤਮਿਕਤਾਵਾਂ ਨੂੰ ਕੇਵਲ ਸਾਧਨ ਅਤੇ ਵਿਚੋਲਾ ਨਹੀਂ ਮੰਨਦਾ । ਸਗੋਂ ਥਾਂ-ਥਾਂ ਉੱਤੇ ਉਨ੍ਹਾਂ ਦੀ ਉਸਤੁਤ ਅਤੇ ਮਹਿਮਾ ਕਰਦਾ ਹੈ ਅਤੇ ਉਨ੍ਹਾਂ ਤੋਂ ਮੁਰਾਦਾਂ ਮੰਗਣ ਦੀ ਸਿੱਖਿਆ ਦਿੰਦਾ ਹੈ ਅਤੇ ਸੰਭਵ ਹੈ ਕਿ ਉਨ੍ਹਾਂ ਕਿਤਾਬਾਂ ਵਿੱਚ ਵਿਗਾੜ੍ਹ ਅਤੇ ਵਾਧੇ ਰਾਹੀਂ ਇਨ੍ਹਾਂ ਸਿੱਖਿਆਵਾਂ ਨੂੰ ਵਾਧੂ ਕੀਤਾ ਗਿਆ ਹੈ । ਜਿਵੇਂ ਵੇਦ ਵਿੱਚ ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਵਾਧੂ ਸਿੱਖਿਆਵਾਂ ਪਾਈ ਜਾਂਦੀਆਂ ਹਨ । ਮਿਸਾਲ ਵੱਜੋਂ ਇਹ ਸਿੱਖਿਆ ਕਿ ਇਸ ਸੰਸਾਰ ਦਾ ਕੋਈ ਨਿਰਮਾਤਾ ਨਹੀਂ ਹੈ ਅਤੇ ਹਰ ਇੱਕ ਚੀਜ਼ ਆਪਣੇ ਅਸਲ ਪਦਾਰਥ ਅਤੇ ਅਸਲ ਜੀਵਨ ਦੇ ਅਨੁਸਾਰ ਪ੍ਰਾਚੀਨ ਅਤੇ ਲਾਜ਼ਮੀ

ਹੋਂਦ ਵਾਲੀ ਅਤੇ ਆਪਣੇ ਵਜੂਦ ਦੀ ਆਪ ਹੀ ਭਗਵਾਨ ਹੈ ਜਾਂ ਇਹ ਸਿੱਖਿਆ ਕਿ ਕਿਸੇ ਹਸਤੀ ਨੂੰ ਆਵਾਗਮਨ[1] ਦੇ ਦੁਸ਼ਟ ਚੱਕਰ ਤੋਂ ਕਦੇ ਅਤੇ ਕਿਸੇ ਜ਼ਮਾਨੇ ਵਿੱਚ ਮੁਕਤੀ ਪ੍ਰਾਪਤ ਹੋ ਹੀ ਨਹੀਂ ਸਕਦੀ ਜਾਂ ਇਹ ਸਿੱਖਿਆ ਕਿ ਇੱਕ ਪਤੀ ਵਰਤਾ ਔਰਤ ਬੱਚਾ ਨ ਹੋਣ ਦੀ ਹਾਲਤ ਵਿੱਚ ਕਿਸੇ ਓਪਰੇ ਬੰਦੇ ਨਾਲ ਸੰਭੋਗ ਕਰ ਸਕਦੀ ਹੈ ਤਾਂ ਉਸ ਤੋਂ ਬੱਚਾ ਪ੍ਰਾਪਤ ਕਰੇ ਜਾਂ ਇਹ ਸਿੱਖਿਆ ਕਿ ਵੱਡੇ ਵੱਡੇ ਪਵਿੱਤਰ ਲੋਕ ਵੀ ਭਾਵੇਂ ਵੇਦ ਦੇ ਰਿਸ਼ੀ ਹੀ ਕਿਉਂ ਨ ਹੋਣ, ਜਿਨ੍ਹਾਂ ਉੱਤੇ ਚਾਰ ਵੇਦ ਉਤਰੇ ਹਨ, ਸਦਾ ਦੀ ਮੁਕਤੀ ਕਦੇ ਨਹੀਂ ਪਾ ਸਕਦੇ ਅਤੇ ਨ ਸਦਾ ਆਦਰ ਸਤਿਕਾਰ ਅਤੇ ਮਾਣ ਸਨਮਾਨ ਨਾਲ ਯਾਦ ਕੀਤੇ ਜਾਣ । ਸਗੋਂ ਸੰਭਵ ਹੈ ਕਿ ਆਵਾਗਮਨ ਦੇ ਚੱਕਰ ਵਿੱਚ ਆ ਕੇ ਅਤੇ ਜੀਵਾਂ ਵਾਂਗ ਕੁੱਝ ਦਾ ਕੁੱਝ ਬਣ ਜਾਣ, ਸਗੋਂ ਸ਼ਾਇਦ ਬਣ ਗਏ ਹਨ ਅਤੇ ਉਨ੍ਹਾਂ ਦੇ ਭਰਮ ਵਿੱਚ ਭਾਵੇਂ ਕੋਈ ਮਨੁੱਖ ਅਵਤਾਰਾਂ ਤੋਂ ਵੀ ਵੱਧ ਸਥਾਨ ਰੱਖਦਾ ਹੋਵੇ ਜਾਂ ਵੇਦ ਦੇ ਰਿਸ਼ੀਆਂ ਤੋਂ ਵੀ ਵੱਧ ਹੋਵੇ । ਉਸ ਲਈ ਸੰਭਵ ਸਗੋਂ ਕਾਨੂੰਨੇ ਕੁਦਰਤ ਦੇ ਅਨੁਸਾਰ ਜ਼ਰੂਰੀ ਹੈ ਕਿ ਕਿਸੇ ਸਮੇਂ ਉਹ ਕੀੜ੍ਹਾ ਮਕੌੜ੍ਹਾ ਜਾਂ ਬਹੁਤ ਭਿਆਨਕ ਅਤੇ ਨਫ਼ਰਤ ਯੋਗ ਜਾਨਵਰ ਬਣ ਕੇ ਕਿਸੇ ਗੰਦੇ ਜੀਵ ਦੀ ਜੂਨ ਵਿੱਚ ਜਨਮ ਲੈਣ । ਇਹ ਸਾਰੀਆਂ ਝੂੱਠੀਆਂ ਸਿੱਖਿਆਵਾਂ ਹਨ । ਜਿਹੜ੍ਹੀਆਂ ਮਨੁੱਖ ਦੇ ਮੰਦੇ ਵਿਚਾਰਾਂ ਨੇ ਖੋਜ ਕੀਤੀਆਂ ਹਨ ਅਤੇ ਜਿਨ੍ਹਾਂ ਲੋਕਾਂ ਨੇ ਇਹ ਸਾਰੇ ਬੇਸ਼ਰਮੀ ਅਤੇ

---

[1] ਪੂਨਰ ਜਨਮ

ਮਾਣ ਤੋਂ ਬਹੁਤ ਦੂਰ ਦੇ ਕੰਮ ਆਪਣੇ ਲੋਕਾਂ ਸਗੋਂ ਆਪਣੇ ਬੁਜ਼ੁਰਗਾਂ ਅਤੇ ਆਗੂਆਂ ਲਈ ਯੋਗ ਰੱਖੇ ਹਨ । ਉਨ੍ਹਾਂ ਨੇ ਇਹ ਵੀ ਯੋਗ ਰੱਖ ਲਿਆ ਕਿ ਸਿਤਾਰੀਆਂ ਦੀ ਆਤਮਾਵਾਂ ਤੋਂ ਮੁਰਾਦਾਂ ਮੰਗੀਆਂ ਜਾਣ । ਉਨ੍ਹਾਂ ਦੀ ਅਜਿਹੀ ਪੂਜਾ ਕੀਤੀ ਜਾਵੇ । ਜਿਹੋ ਜਿਹੀ ਰੱਬ ਦੀ ਕਰਨੀ ਚਾਹੀਦੀ ਹੈ । ਪਰ ਕੁਰਆਨ ਸ਼ਰੀਫ ਜੋ ਹਰ ਇੱਕ ਤਰ੍ਹਾਂ ਈਸ਼ਵਰਵਾਦ ਅਤੇ ਸੰਸਕ੍ਰਿਤੀ ਦੀ ਰਾਹ ਖੋਲਦਾ ਹੈ । ਉਸ ਨੇ ਕਦੇ ਯੋਗ ਨਹੀਂ ਰੱਖਿਆ ਕਿ ਉਸ ਨਾਲ ਕਿਸੇ ਜੀਵ ਦੀ ਪੂਜਾ ਹੋਵੇ ਜਾਂ ਉਸ ਦੀ ਈਸ਼ਵਰਵਾਦ ਦੀ ਸ਼ਕਤੀ ਕੇਵਲ ਘੱਟੀਆ ਅਤੇ ਬੇਕਾਰ ਢੰਗ ਨਾਲ ਸਵੀਕਾਰ ਕਰਨ ਅਤੇ ਉਸ ਨੂੰ ਹਰ ਇੱਕ ਚੀਜ਼ ਦਾ ਆਰੰਭ ਅਤੇ ਸੋਮਾ ਨ ਠਹਿਰਾਉਣ ਜਾਂ ਕੋਈ ਹੋਰ ਬੇਸ਼ਰਮੀ ਦਾ ਕੰਮ ਆਪਣੀ ਰਹਿਣੀ ਬਹਿਣੀ ਵਿੱਚ ਦਾਖ਼ਲ ਕਰਨ ।

ਹੁਣ ਫ਼ਿਰ ਮੈਂ ਫ਼ਰਿਸ਼ਤੀਆਂ ਵੱਲ੍ਹ ਪਰਤਦਾ ਹਾਂ ਕਿ ਕੁਰਆਨ ਸ਼ਰੀਫ ਨੇ ਜਿਵੇਂ ਫ਼ਰਿਸ਼ਤੀਆਂ ਦਾ ਹਾਲ ਬਿਆਨ ਕੀਤਾ ਹੈ । ਉਹ ਬਹੁਤ ਸਿੱਧਾ ਅਤੇ ਅਨੁਮਾਨ ਦੇ ਨੇੜ੍ਹੇ ਦੀ ਰਾਹ ਹੈ ਅਤੇ ਉਸ ਦੇ ਮੰਨਣ ਤੋਂ ਬਿਨ੍ਹਾਂ ਬੰਦੇ ਨੂੰ ਕੋਈ ਰਾਹ ਨਹੀਂ । ਕੁਰਆਨ ਸ਼ਰੀਫ ਉੱਤੇ ਧਿਆਨ ਨਾਲ ਗੌਰ ਕਰਨ ਉੱਤੇ ਗਿਆਤ ਹੁੰਦਾ ਹੈ ਕਿ ਮਨੁੱਖ ਸਗੋਂ ਸਮੂਹ ਬ੍ਰਹਿਮੰਡ ਦੀ ਅੰਦਰੂਨੀ ਅਤੇ ਬਾਹਰਲੀ ਸਿੱਖਲਾਈ ਲਈ ਕੁੱਝ ਸਾਧਨਾ ਦਾ ਹੋਣਾ ਜ਼ਰੂਰੀ ਹੈ ਅਤੇ ਕੁੱਝ ਕੁਰਆਨੀ ਸੰਕੇਤਾਂ ਤੋਂ ਬਹੁਤ ਸਫ਼ਾਈ ਨਾਲ ਪ੍ਰਤੀਤ ਹੁੰਦਾ ਹੈ ਕਿ ਕੁੱਝ ਉਹ ਪਵਿੱਤਰ ਹਸਤੀਆਂ ਜੋ

ਫ਼ਰਿਸ਼ਤੀਆਂ ਦੇ ਨਾਂ ਨਾਲ ਸੰਬੋਧਿਤ ਹਨ। ਉਨ੍ਹਾਂ ਦੇ ਸੰਬੰਧ ਆਕਾਸ਼ੀ ਤੱਤਾਂ ਨਾਲ ਵੱਖ ਵੱਖ ਹਨ। ਕੁੱਝ ਆਪਣੇ ਵਿਸ਼ੇਸ਼ ਪ੍ਰਭਾਵਾਂ ਨਾਲ ਹਵਾ ਦੇ ਚਲਾਉਣ ਵਾਲੇ ਅਤੇ ਕੁੱਝ ਮੀਂਹ ਦੇ ਵਰਸਾਉਣ ਵਾਲੇ ਅਤੇ ਕੁੱਝ ਹੋਰ ਪ੍ਰਭਾਵਾਂ ਨੂੰ ਜ਼ਮੀਨ ਉੱਤੇ ਉਤਾਰਨ ਵਾਲੇ ਹਨ। ਸੋ, ਇਸ ਵਿੱਚ ਕੁੱਝ ਸ਼ੱਕ ਨਹੀਂ ਕਿ ਨੂਰਾਨੀ ਉਪਮਾ ਕਰਕੇ ਉਹ ਪਵਿੱਤਰ ਹਸਤੀਆਂ ਉਨ੍ਹਾਂ ਰੌਸ਼ਨ ਅਤੇ ਨੂਰਾਨੀ ਸਿਤਾਰੀਆਂ ਨਾਲ ਸੰਬੰਧ ਰੱਖਦੀਆਂ ਹੋਣਗੀਆਂ ਕਿ ਜੋ ਆਕਾਸ਼ਾਂ ਵਿੱਚ ਪਾਏ ਜਾਂਦੇ ਹਨ। ਪਰ ਇਸ ਸੰਬੰਧ ਨੂੰ ਇੰਝ ਨਹੀਂ ਸਮਝਣਾ ਚਾਹੀਦਾ ਕਿ ਜਿਵੇਂ ਜ਼ਮੀਨ ਦਾ ਹਰ ਇੱਕ ਜਾਨਦਾਰ ਆਪਣੇ ਅੰਦਰ ਜਾਨ ਰੱਖਦਾ ਹੈ। ਸਗੋਂ ਉਨ੍ਹਾਂ ਪਵਿੱਤਰ ਹਸਤੀਆਂ ਨੂੰ ਆਪਣੇ ਪ੍ਰਕਾਸ਼ ਅਤੇ ਰੌਸ਼ਨੀ ਦੀ ਉਪਮਾ ਕਰਕੇ, ਜੋ ਰੂਹਾਨੀ ਤੌਰ ਉੱਤੇ ਉਨ੍ਹਾਂ ਨੂੰ ਪ੍ਰਾਪਤ ਹੈ। ਰੌਸ਼ਨ ਸਿਤਾਰੀਆਂ ਨਾਲ ਇੱਕ ਅਗਿਆਤ ਸੰਬੰਧ ਹੈ ਅਤੇ ਅਜਿਹਾ ਚੰਗਾ ਸੰਬੰਧ ਹੈ ਕਿ ਜੇਕਰ ਉਨ੍ਹਾਂ ਪਵਿੱਤਰ ਹਸਤੀਆਂ ਦਾ ਉਨ੍ਹਾਂ ਸਿਤਾਰੀਆਂ ਤੋਂ ਵੱਖ ਹੋਣਾ ਮੰਨ ਲਿਆ ਜਾਵੇ ਤਾਂ ਫ਼ਿਰ ਉਨ੍ਹਾਂ ਦੇ ਸਾਰੇ ਅੰਗਾਂ ਵਿੱਚ ਫ਼ਰਕ ਪੈ ਜਾਵੇਗਾ ਉਨ੍ਹਾਂ ਹਸਤੀਆਂ ਦੇ ਓਹਲੇ ਹੱਥ ਦੇ ਜ਼ੋਰ ਨਾਲ ਸਾਰੇ ਸਿਤਾਰੇ ਆਪਣੇ ਆਪਣੇ ਕੰਮਾਂ ਵਿੱਚ ਰੁੱਝੇ ਹਨ ਅਤੇ ਜਿਵੇਂ ਰੱਬ ਸਾਰੇ ਬ੍ਰਹਿਮੰਡ ਲਈ ਜਾਨ ਵੱਜੋਂ ਹੈ ਇੰਝ ਹੀ (ਪਰ ਇੱਥੇ ਪੂਰਨ ਸਮਾਨਤਾ ਮੁਰਾਦ ਨਹੀਂ) ਉਹ ਨੂਰਾਨੀ ਹਸਤੀਆਂ ਸਿਤਾਰੀਆਂ ਅਤੇ ਸਿਆਰੀਆਂ ਲਈ ਜਾਨ ਦਾ ਹੀ ਹੁਕਮ ਰੱਖਦੀਆਂ ਹਨ ਅਤੇ ਉਨ੍ਹਾਂ ਦੇ ਵੱਖ ਹੋਣ ਨਾਲ ਉਨ੍ਹਾਂ

ਦੀ ਹਾਲਤ ਵਿੱਚ ਬਿਲਕੁੱਲ ਵਿਗਾੜ੍ਹ ਫ਼ੈਲ੍ਹ ਜਾਣਾ ਲਾਜ਼ਮ ਅਤੇ ਜ਼ਰੂਰੀ ਹੈ ਅਤੇ ਅੱਜ ਤੱਕ ਕਿਸੇ ਨੇ ਇਸ ਗੱਲ੍ਹ ਵਿੱਚ ਅਸਿਹਮਤੀ ਨਹੀਂ ਕੀਤੀ ਕਿ ਜਿਨ੍ਹੇ ਆਕਾਸ਼ਾਂ ਵਿੱਚ ਸਿਆਰੇ ਅਤੇ ਸਿਤਾਰੇ ਪਾਏ ਜਾਂਦੇ ਹਨ। ਉਹ ਬ੍ਰਹਿਮੰਡ ਦੀ ਪੂਰਤੀ ਅਤੇ ਸਿੱਖਲਾਈ ਲਈ ਸਦਾ ਕੰਮ ਵਿੱਚ ਰੁੱਝੇ ਹੁੰਦੇ ਹਨ। ਅਰਥਾਤ ਇਹ ਬਹੁਤ ਜਚੀ ਅਤੇ ਪ੍ਰਮਾਣ ਦੀ ਚਰਖੀ ਉੱਤੇ ਚੜ੍ਹੀ ਹੋਈ ਸੱਚਾਈ ਹੈ ਕਿ ਸਾਰੇ ਪੌਦਿਆਂ, ਕੀੜ੍ਹੇ ਮਕੌੜ੍ਹੀਆਂ ਅਤੇ ਜਾਨਵਰਾਂ ਉੱਤੇ ਆਕਾਸ਼ੀ ਸਿਤਾਰੀਆਂ ਦਾ ਦਿਨ ਰਾਤ ਅਸਰ ਪੈ ਰਿਹਾ ਹੈ ਅਤੇ ਅਣਪੜ੍ਹ ਤੋਂ ਅਣਪੜ੍ਹ ਇੱਕ ਕਿਸਾਨ ਵੀ ਇਹ ਤਾਂ ਜ਼ਰੂਰ ਵਿਸ਼ਵਾਸ ਰੱਖਦਾ ਹੋਵੇਗਾ ਕਿ ਚੰਨ ਦਾ ਪ੍ਰਕਾਸ਼ ਫ਼ੱਲ੍ਹਾਂ ਦੇ ਮੋਟੇ ਕਰਨ ਲਈ ਅਤੇ ਸੂਰਜ ਦੀ ਧੁੱਪ ਉਨ੍ਹਾਂ ਨੂੰ ਪਕਾਉਣ ਅਤੇ ਮਿੱਠਾ ਕਰਨ ਲਈ ਅਤੇ ਕੁੱਝ ਹਵਾਵਾਂ ਵੱਡੀ ਗਿਣਤੀ ਵਿੱਚ ਫ਼ੱਲ੍ਹ ਆਉਣ ਲਈ ਬੇਸ਼ੱਕ ਪ੍ਰਭਾਵੀ ਹਨ। ਹੁਣ ਜੱਦ ਕਿ ਬਾਹਰੀ ਸਿਲਸਿਲਾ ਬ੍ਰਹਿਮੰਡ ਦਾ ਉਨ੍ਹਾਂ ਚੀਜਾਂ ਦੇ ਵੱਖੋ ਵੱਖ ਪ੍ਰਭਾਵਾਂ ਤੋਂ ਸਿੱਖਲਾਈ ਪਾ ਰਿਹਾ ਹੈ। ਤਾਂ ਇਸ ਵਿੱਚ ਕੀ ਸ਼ੱਕ ਹੋ ਸਕਦਾ ਹੈ ਕਿ ਬਾਹਰਲੇ ਸਿਲਸਿਲੇ ਉੱਤੇ ਵੀ ਰੱਬੀ ਹੁਕਮ ਅਨੁਸਾਰ ਉਹ ਨੂਰਾਨੀ ਹਸਤੀਆਂ ਪ੍ਰਭਾਵ ਪਾ ਰਹੀਆਂ ਹਨ। ਜਿਨ੍ਹਾਂ ਦਾ ਨੂਰਾਨੀ ਤੱਤਾਂ ਨਾਲ ਅਜਿਹਾ ਢੂੰਗਾ ਸੰਬੰਧ ਹੈ ਕਿ ਜਿਵੇਂ ਜਾਨ ਨੂੰ ਸ਼ਰੀਰ ਨਾਲ ਹੁੰਦਾ ਹੈ।

ਹੁਣ ਮਗਰੋਂ ਇਹ ਵੀ ਜਾਨਣਾ ਚਾਹੀਦਾ ਹੈ ਕਿ ਭਾਵੇਂ ਵੇਖਣ ਨੂੰ ਇਹ ਗੱਲ੍ਹ ਅਦਬ ਤੋਂ ਬਹੁਤ ਦੂਰ ਲੱਗਦੀ ਹੈ ਕਿ ਰੱਬ ਅਤੇ ਉਸ ਦੇ ਪਵਿੱਤਰ

ਨਬੀਆਂ ਲਈ ਆਕਾਸ਼ਬਾਣੀ ਦੇ ਨੂਰ ਫ਼ੈਲਾਉਣ ਲਈ ਕੋਈ ਹੋਰ ਸੰਬੰਧ ਸੁਝਾਅ ਕੀਤਾ ਜਾਵੇ । ਪਰ ਧਿਆਨ ਨਾਲ ਗੌਰ ਕਰਨ ਉੱਤੇ ਚੰਗੀ ਤਰ੍ਹਾਂ ਸਮਝ ਆ ਜਾਵੇਗਾ ਕਿ ਇਸ ਵਿੱਚ ਕੋਈ ਅਦਬ ਦੇ ਖਿਲਾਫ਼ ਗੱਲ੍ਹ ਨਹੀਂ । ਸਗੋਂ ਬਿਲਕੁੱਲ ਰੱਬ ਦੇ ਆਮ ਕਾਨੂੰਨੇ ਕੁਦਰਤ ਦੇ ਅਨੁਸਾਰ ਹੈ । ਜੋ ਸੰਸਾਰ ਦੀ ਹਰ ਇੱਕ ਚੀਜ਼ ਬਾਰੇ ਖੁੱਲ੍ਹੇ ਖੁੱਲ੍ਹੇ ਤੌਰ ਉੱਤੇ ਵਿੱਖ ਅਤੇ ਮਹਿਸੂਸ ਹੋ ਰਿਹਾ ਹੈ । ਕਿਉਂਕਿ ਅਸੀਂ ਵੇਖਦੇ ਹਾਂ ਕਿ ਨਬੀ ਅਲੈਹਿ ਸਲਾਮ ਵੀ ਆਪਣੇ ਸਰੀਰ ਅਤੇ ਅੰਗਾਂ ਦੇ ਆਧਾਰ ਉੱਤੇ ਉਨ੍ਹਾਂ ਢੰਗਾਂ ਦੇ ਲੋੜ੍ਹਮੰਦ ਹਨ ਅਤੇ ਨਬੀ ਦੀ ਅੱਖ ਵੀ ਭਾਵੇਂ ਕਿਵੇਂ ਹੀ ਨੂਰਾਨੀ ਅਤੇ ਮਿਹਰਾਂ ਵਾਲੀ ਅੱਖ ਹੋਵੇ । ਪਰ ਫ਼ਿਰ ਵੀ ਲੋਕਾਂ ਦੀ ਅੱਖਾਂ ਵਾਂਗ ਸੂਰਜ ਜਾਂ ਉਸ ਦੇ ਕਿਸੇ ਦੂਜੇ ਕਾਰਵਾਹਕ ਤੋਂ ਬਿਨਾਂ ਕੁੱਝ ਵੇਖ ਨਹੀਂ ਸਕਦੀ ਅਤੇ ਹਵਾ ਤੋਂ ਬਿਨ੍ਹਾਂ ਕੁੱਝ ਸੁੰਨ ਨਹੀਂ ਸਕਦੇ । ਸੋ, ਇਹ ਗੱਲ੍ਹ ਵੀ ਕਬੂਲ ਕਰਨੀ ਪੈਂਣੀ ਹੈ ਕਿ ਨਬੀ ਦੀ ਅਧਿਆਤਮਿਕਤਾ ਉੱਤੇ ਵੀ ਉਨ੍ਹਾਂ ਸਿਆਰੀਆਂ ਦੀਆਂ ਨੂਰਾਨੀ ਹਸਤੀਆਂ ਦਾ ਪ੍ਰਭਾਵ ਜ਼ਰੂਰ ਪੈਂਦਾ ਹੈ । ਸਗੋਂ ਸਭ ਤੋਂ ਵੱਧ ਅਸਰ ਪੈਂਦਾ ਹੋਵੇਗਾ । ਕਿਉਂਕਿ ਜਿਨ੍ਹੀ ਪ੍ਰਤਿਭਾ ਸਾਫ਼ ਅਤੇ ਸੰਪੂਰਨ ਹੁੰਦੀ ਹੈ । ਉਨ੍ਹਾਂ ਹੀ ਅਸਰ ਵੀ ਸਾਫ਼ ਅਤੇ ਸੰਪੂਰਨ ਪੈਂਦਾ ਹੈ । ਕੁਰਆਨ ਸ਼ਰੀਫ ਤੋਂ ਸਾਬਤ ਹੈ ਕਿ ਇਹ ਸਿਆਰੇ ਅਤੇ ਸਿਤਾਰੇ ਆਪਣੇ ਆਪਣੇ ਕਾਲਬਾਂ[1] ਬਾਰੇ ਇੱਕ ਇੱਕ ਰੂਹ ਰੱਖਦੇ ਹਨ । ਜਿਨ੍ਹਾਂ ਨੂੰ ਤਾਰਾ ਮੰਡਲ ਦਾ ਵੀ ਨਾਂ ਦੇ ਸਕਦੇ ਹਨ

[1] ਸ਼ਰੀਰਾਂ ਅਨੁਵਾਦਕ

ਅਤੇ ਜਿਵੇਂ ਸਿਤਾਰੀਆਂ ਅਤੇ ਸਿਆਰੀਆਂ ਵਿੱਚ ਉਨ੍ਹਾਂ ਦੇ ਕਾਲਬਾਂ ਅਨੁਸਾਰ ਭਿੰਨ੍ਹ ਭਿੰਨ੍ਹ ਖੂਬੀਆਂ ਪਾਈਆਂ ਜਾਂਦੀਆਂ ਹਨ। ਜੋ ਜ਼ਮੀਨ ਦੀ ਹਰ ਇੱਕ ਚੀਜ਼ ਉੱਤੇ ਸਮਰਥਾ ਅਨੁਸਾਰ ਪ੍ਰਭਾਵ ਪਾ ਰਹੀਆਂ ਹਨ। ਇੰਝ ਹੀ ਉਨ੍ਹਾਂ ਦੀ ਨੂਰਾਨੀ ਰੂਹਾਂ ਵਿੱਚ ਵੀ ਭਿੰਨ ਭਿੰਨ ਪ੍ਰਕਾਰ ਦੀਆਂ ਖੂਬੀਆਂ ਹਨ। ਜੋ ਸਰਵ ਸ਼ਕਤੀਮਾਨ ਦੇ ਹੁਕਮ ਅਨੁਸਾਰ ਬ੍ਰਹਿਮੰਡ ਦੇ ਅੰਦਰ ਆਪਣਾ ਅਸਰ ਪਾਉਂਦੀਆਂ ਹਨ ਅਤੇ ਇਹੋ ਨੂਰਾਨੀ ਰੂਹਾਂ ਸੰਪੂਰਨ ਮਨੁੱਖਾਂ ਉੱਤੇ ਸ਼ਰੀਰਕ ਰੂਪ ਵਿੱਚ ਰੂਪਮਾਨ ਹੋ ਕੇ ਪ੍ਰਕਟ ਹੋ ਜਾਂਦੀਆਂ ਹਨ ਅਤੇ ਮਨੁੱਖੀ ਸ਼ਕਲ ਦਾ ਪ੍ਰਤੋਹ ਬਣ ਕੇ ਦਿੱਸਦੇ ਹਨ ਅਤੇ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਭਾਸ਼ਣਾਂ ਵਰਗਾ ਭਾਸ਼ਣ ਨਹੀਂ। ਸਗੋਂ ਇਹ ਉਹ ਸੱਚਾਈ ਹੈ। ਜੋ ਹੱਕ ਅਤੇ ਹਿਕਮਤ ਦੇ ਜਾਚਕਾਂ ਨੂੰ ਜ਼ਰੂਰ ਸਵੀਕਾਰ ਕਰਨੀ ਪਏਗੀ। ਕਿਉਂਕਿ ਜੱਦ ਸਾਨੂੰ ਮੰਨਣਾ ਪੈਂਦਾ ਹੈ ਕਿ ਜ਼ਰੂਰ ਬ੍ਰਹਿਮੰਡ ਦੀ ਸਿੱਖਲਾਈ ਆਕਾਸ਼ੀ ਪਦਾਰਥਾਂ ਵੱਲੋਂ ਹੋ ਰਹੀ ਹੈ ਅਤੇ ਜਿੱਥੇ ਤੱਕ ਅਸੀਂ ਪ੍ਰੇਰਕ ਵੱਜੋਂ ਜ਼ਮੀਨ ਦੀਆਂ ਭੂਗੋਲਿਕ ਵਸਤੂਆਂ ਉੱਤੇ ਨਜ਼ਰ ਪਾਉਂਦੇ ਹਨ। ਇਸ ਸਿੱਖਲਾਈ ਦੇ ਪ੍ਰਭਾਵ ਹਰ ਇੱਕ ਸ਼ਰੀਰ ਉੱਤੇ, ਭਾਵੇਂ ਉਹ ਰੁੱਖਾਂ ਵਿੱਚੋਂ ਹੈ, ਭਾਵੇਂ ਕੀੜੀਆਂ ਮਕੌੜੀਆਂ ਵਿੱਚੋਂ, ਭਾਵੇਂ ਜਾਨਵਰਾਂ ਵਿੱਚੋਂ ਹੈ। ਸਪਸ਼ਟ ਰੂਪ ਵਿੱਚ ਸਾਨੂੰ ਵਿਖਾਈ ਦਿੰਦੇ ਹਨ। ਸੋ, ਇਸੇ ਸਪਸ਼ਟ ਅਨੁਭਵ ਕਰਕੇ ਅਸੀ ਇਹ ਗੱਲ੍ਹ ਮੰਨਣ ਲਈ ਵੀ ਮਜਬੂਰ ਹਾਂ ਕਿ ਅਧਿਆਤਮਿਕ ਕਮਾਲਾਂ ਅਤੇ ਦਿਲ੍ਹ ਤੇ ਦਿਮਾਗ ਦੇ ਪ੍ਰਕਾਸ਼ ਦਾ

ਸਿਲਸਿਲਾ ਵੀ ਜਿੱਥੇ ਤੱਕ ਤਰੱਕੀ ਕਰਦਾ ਹੈ। ਬੇਸ਼ੱਕ ਉਨ੍ਹਾਂ ਨੂਰਾਨੀ ਰੂਹਾਂ ਦਾ ਉਸ ਵਿੱਚ ਵੀ ਦਖ਼ਲ ਹੈ। ਇਸੇ ਦਖ਼ਲ ਅਨੁਸਾਰ ਸ਼ਰੀਅਤੇ ਗ਼ਜ਼ਾ ਨੇ ਉਪਮਾ ਵੱਜੋਂ ਰੱਬ ਅਤੇ ਉਸ ਦੇ ਰਸੂਲਾਂ ਵਿੱਚ ਫ਼ਰਿਸ਼ਤੀਆਂ ਦੇ ਸੰਬੰਧ ਨੂੰ ਜ਼ਰੂਰੀ ਗੱਲ੍ਹ ਵੱਜੋਂ ਪ੍ਰਕਟ ਕੀਤਾ ਹੈ। ਜਿਸ ਉੱਤੇ ਵਿਸ਼ਵਾਸ ਕਰਨਾ ਧਰਮ ਦੀ ਜ਼ਰੂਰਤਾਂ ਵਿੱਚੋਂ ਮੰਨਿਆ ਗਿਆ ਹੈ। ਜਿਨ੍ਹਾਂ ਲੋਕਾਂ ਨੇ ਆਪਣੀ ਬਹੁਤ ਭਿਆਨਕ ਗਲਤੀ ਨਾਲ ਇਸ ਇਲਾਹੀ ਫ਼ਿਲਾਸਫ਼ੀ ਨੂੰ ਨਹੀਂ ਸਮਝਿਆ। ਜਿਵੇਂ ਆਰੀਆ ਧਰਮ ਵਾਲੇ ਜਾਂ ਬ੍ਰਹਮੋ ਧਰਮ ਵਾਲੇ। ਉਨ੍ਹਾਂ ਨੇ ਜਲਦੀ ਨਾਲ ਆਪਣੀ ਕੰਜੂਸੀ ਅਤੇ ਨਫ਼ਰਤ ਕਰਕੇ ਜੋ ਉਨ੍ਹਾਂ ਦੇ ਦਿਲ੍ਹਾਂ ਵਿੱਚ ਭਰੀ ਹੋਈ ਹੈ। ਕੁਰਆਨੀ ਸਿੱਖਿਆਵਾਂ ਉੱਤੇ ਇਹ ਦੋਸ਼ ਲਾਇਆ ਕਿ ਉਹ ਰੱਬ ਅਤੇ ਉਸ ਦੇ ਰਸੂਲਾਂ ਨਾਲ ਫ਼ਰਿਸ਼ਤੀਆਂ ਦਾ ਸੰਬੰਧ ਜ਼ਰੂਰੀ ਠਹਿਰਾਉਂਦਾ ਹੈ ਅਤੇ ਇਸ ਗੱਲ੍ਹ ਨੂੰ ਨ ਸਮਝਿਆ ਅਤੇ ਨ ਖਿਆਲ ਕੀਤਾ ਕਿ ਰੱਬ ਦੀ ਸਿੱਖਲਾਈ ਦਾ ਆਮ ਕਾਨੂੰਨ ਜੋ ਜ਼ਮੀਨ ਉੱਤੇ ਪਾਇਆ ਜਾਂਦਾ ਹੈ, ਇਸੇ ਨਿਯਮ ਉੱਤੇ ਆਧਾਰਿਤ ਹੈ। ਹਿੰਦੂਆਂ ਦੇ ਰਿਸ਼ੀ ਜਿਨ੍ਹਾਂ ਉੱਤੇ ਹਿੰਦੂਆਂ ਅਨੁਸਾਰ ਚਾਰੋਂ ਵੇਦ ਉਤਰੇ। ਕੀ ਉਹ ਆਪਣੇ ਸ਼ਰੀਰਕ ਅੰਗਾਂ ਦੇ ਠੀਕ ਠੀਕ ਕਾਇਮ ਰਹਿਣ ਲਈ ਆਕਾਸ਼ੀ ਤੱਤਾਂ ਦੇ ਪ੍ਰਭਾਵ ਦੇ ਲੋੜ੍ਹਵੰਦ ਨਹੀਂ ਸਨ। ਕੀ ਉਹ ਸੂਰਜ ਦੇ ਪ੍ਰਕਾਸ਼ ਤੋਂ ਬਿਨ੍ਹਾਂ ਕੇਵਲ ਅੱਖਾਂ ਦੀ ਰੌਸ਼ਨੀ ਨਾਲ ਵੇਖ ਸਕਦੇ ਸਨ ਜਾਂ ਬਿਨ੍ਹਾਂ ਹਵਾ ਦੇ ਕਿਸੇ ਆਵਾਜ਼ ਨੂੰ ਸੁਣ ਸਕਦੇ ਸਨ। ਤਾਂ ਇਸ ਦਾ ਜਵਾਬ ਸਪਸ਼ਟ ਰੂਪ

ਵਿੱਚ ਇਹੋ ਹੋਵੇਗਾ ਕਿ ਕਦੇ ਨਹੀਂ । ਸਗੋਂ ਉਹ ਵੀ ਆਕਾਸ਼ੀ ਤੱਤਾਂ ਦੀ ਸਿੱਖਲਾਈ ਅਤੇ ਸੰਪੂਰਨਤਾ ਦੇ ਬਹੁਤ ਲੋੜ੍ਹਵੰਦ ਸਨ । ਹਿੰਦੂਆਂ ਦੇ ਵੇਦਾਂ ਨੇ ਉਨ੍ਹਾਂ ਫ਼ਰਿਸ਼ਤੀਆਂ ਬਾਰੇ ਕਿੱਥੇ ਇੰਨਕਾਰ ਕੀਤਾ ਹੈ । ਸਗੋਂ ਉਨ੍ਹਾਂ ਨੇ ਤਾਂ ਉਨ੍ਹਾਂ ਸਾਧਨਾ ਉੱਤੇ ਵਿਸ਼ਵਾਸ ਕਰਨ ਅਤੇ ਪ੍ਰਸ਼ੰਸਾ ਯੋਗ ਜਾਨਣ ਵਿੱਚ ਬਹੁਤ ਹੀ ਅਤਿਕਥਨੀ ਕੀਤੀ ਹੈ । ਇੱਥੇ ਤੱਕ ਕਿ ਰੱਬ ਨਾਲ ਉਨ੍ਹਾਂ ਦਾ ਦਰਜਾ ਬਰਾਬਰ ਠਹਿਰਾ ਦਿੱਤਾ ਹੈ । ਇੱਕ ਰਿਗ ਵੇਦ ਉੱਤੇ ਹੀ ਨਜ਼ਰ ਪਾ ਕੇ ਵੇਖੋ ਕਿ ਇਸ ਵਿੱਚ ਆਕਾਸ਼ੀ ਤੱਤਾਂ ਅਤੇ ਚੀਜ਼ਾਂ ਦੀ ਪੂਜਾ ਮੌਜੂਦ ਹੈ ਅਤੇ ਕਿਵੇਂ ਉਨ੍ਹਾਂ ਦੀ ਉਸਤਤ, ਮਹਿਮਾ, ਪ੍ਰਸ਼ੰਸਾ ਅਤੇ ਤਾਰੀਫ਼ ਵਿੱਚ ਪੰਨਿਆਂ ਦੇ ਪੰਨੇ ਕਾਲ਼ੇ ਕਰ ਦਿੱਤੇ ਹਨ ਅਤੇ ਕਿਵੇਂ ਨਿਮਰਤਾ ਨਾਲ ਅਤੇ ਗਿੜ੍ਹਗਿੜ੍ਹਾ ਕੇ ਉਸ ਤੋਂ ਅਰਦਾਸਾਂ ਮੰਗੀਆਂ ਗਈਆਂ ਹਨ । ਜੋ ਸਵੀਕਾਰ ਵੀ ਨਹੀਂ ਹੋਈਆਂ ਪਰ ਕੁਰਆਨੀ ਸ਼ਰੀਅਤ ਨੇ ਤਾਂ ਇੰਝ ਨਹੀਂ ਕੀਤਾ । ਸਗੋਂ ਉਨ੍ਹਾਂ ਨੂਰਾਨੀ ਰੂਹਾਂ ਨੂੰ ਜੋ ਆਕਾਸ਼ੀ ਤੱਤਾਂ ਜਾਂ ਚੀਜ਼ਾਂ ਜਾਂ ਧੂਏਂ ਨਾਲ ਅਜਿਹਾ ਸੰਬੰਧ ਰੱਖਦੇ ਹਨ ਜਿਵੇਂ ਜਾਨ ਦਾ ਸਰੀਰ ਨਾਲ ਸੰਬੰਧ ਹੁੰਦਾ ਹੈ । ਕੇਵਲ ਫ਼ਰਿਸ਼ਤੀਆਂ ਜਾਂ ਜਿੰਨਾਂ ਦੇ ਨਾਂ ਨਾਲ ਸੰਬੋਧਿਤ ਕੀਤਾ ਹੈ ਅਤੇ ਉਨ੍ਹਾਂ ਨੂਰਾਨੀ ਫ਼ਰਿਸ਼ਤਿਆਂ ਨੂੰ ਜੋ ਨੂਰਾਨੀ ਸਿਤਾਰੀਆਂ ਅਤੇ ਆਕਾਸ਼ੀ ਪਿੰਡਾਂ ਕੋਲ੍ਹ ਆਪਣਾ ਸਥਾਨ ਰੱਖਦੇ ਹਨ । ਆਪਣੀ ਪਾਕ ਹਸਤੀ ਵਿੱਚ ਅਤੇ ਆਪਣੇ ਰਸੂਲਾਂ ਵਿੱਚ ਅਜਿਹਾ ਸੰਬੰਧ ਨਹੀਂ ਠਹਿਰਾਇਆ । ਜਿਸ ਦੇ ਅਨੁਸਾਰ ਉਨ੍ਹਾਂ ਫ਼ਰਿਸ਼ਤੀਆਂ ਨੂੰ ਸ਼ਕਤੀਸ਼ਾਲੀ ਜਾਂ

ਅਧਿਕਾਰਤ ਮੰਨ ਲਿਆ ਜਾਵੇ। ਸਗੋਂ ਉਨ੍ਹਾਂ ਨੂੰ ਆਪਣੀ ਤੁਲਣਾ ਇੰਝ ਪ੍ਰਕਟ ਕੀਤਾ ਹੈ ਕਿ ਜਿਵੇਂ ਇੱਕ ਮੁਰਦਾ ਚੀਜ਼ ਇੱਕ ਜ਼ਿੰਦਾ ਦੇ ਹੱਥ ਵਿੱਚ ਹੁੰਦੀ ਹੈ। ਜਿਸ ਤੋਂ ਉਹ ਜਿੰਦਾ ਜਿਵੇਂ ਕੰਮ ਲੈਣਾ ਚਾਹੁੰਦਾ ਹੈ, ਲੈਂਦਾ ਹੈ। ਇਸੇ ਆਧਾਰ ਉੱਤੇ ਕੁੱਝ ਥਾਵਾਂ ਉੱਤੇ ਕੁਰਆਨ ਸ਼ਰੀਫ਼ ਵਿੱਚ ਸ਼ਰੀਰਾਂ ਦੇ ਹਰ ਇੱਕ ਕਣ ਉੱਤੇ ਵੀ ਫ਼ਰਿਸ਼ਤੀਆਂ ਦਾ ਨਾਂ ਲਾਗੂ ਕਰ ਦਿੱਤਾ ਗਿਆ ਹੈ। ਕਿਉਂਕਿ ਉਹ ਸਾਰੇ ਕਣ ਆਪਣੇ ਰੱਬੇ ਕਰੀਮ ਦੀ ਆਵਾਜ ਸੁਣਦੇ ਹਨ ਅਤੇ ਉਹੀ ਕਰਦੇ ਹਨ। ਜੋ ਉਨ੍ਹਾਂ ਨੂੰ ਆਦੇਸ਼ ਦਿੱਤਾ ਗਿਆ ਹੋਵੇ । ਮਿਸਾਲ ਵੱਜੋਂ ਜੋ ਕੁੱਝ ਤਬਦੀਲੀਆਂ ਮਨੁੱਖੀ ਸ਼ਰੀਰਾਂ ਵਿੱਚ ਰੋਗ ਵੱਲ੍ਹ ਜਾਂ ਸਿਹਤ ਵੱਲ੍ਹ ਹੁੰਦੀਆਂ ਹਨ। ਉਨ੍ਹਾਂ ਸਾਰੀਆਂ ਦਾ ਕਣ ਕਣ ਰੱਬ ਦੀ ਇੱਛਾ ਦੇ ਅਨੁਕੂਲ ਅੱਗੇ ਪਿੱਛੇ ਕਦਮ ਰੱਖਦਾ ਹੈ।

ਹੁਣ ਅੱਖ ਖੋਲ੍ਹ ਕੇ ਵੇਖ ਲੈਣਾ ਚਾਹੀਦਾ ਹੈ ਕਿ ਅਜਿਹੇ ਸਾਧਨਾ ਦੇ ਮੰਨਣ ਵਿੱਚ ਜੋ ਕੁਰਆਨ ਸ਼ਰੀਫ ਵਿੱਚ ਕਰਾਰ ਦਿੱਤੇ ਗਏ ਹਨ। ਕਿਹੜ੍ਹਾ ਸ਼ਿਰਕ[1] ਲਾਜ਼ਮ ਆਉਂਦਾ ਹੈ ਅਤੇ ਰੱਬ ਦੀ ਸ਼ਾਨ ਵਿੱਚ ਕਿਹੜ੍ਹਾ ਫ਼ਰਕ ਆ ਜਾਂਦਾ ਹੈ। ਸਗੋਂ ਇਹ ਤਾਂ ਮੁਆਰਫ਼ਤ[2] ਦੇ ਰਾਜ਼ ਅਤੇ ਬੁੱਧੀਮਤਾ ਦੀ ਉਹ ਗੱਲ੍ਹਾਂ ਹਨ। ਜੋ ਕਾਨੂੰਨੇ ਕੁਦਰਤ ਦੇ ਸਫ਼ੇ ਸਫ਼ੇ ਵਿੱਚ ਲਿੱਖੀ ਹੋਈ ਨਜ਼ਰ ਆਉਂਦੀਆਂ ਹਨ ਅਤੇ ਇਸ ਪ੍ਰਬੰਧ ਦੇ

---

[1] ਰੱਬ ਦਾ ਸਾਥੀ ਬਣਾਉਣਾ ਅਨੁਵਾਦਕ

[2] ਅਧਿਆਤਮਿਕ ਗਿਆਨ ਅਨੁਵਾਦਕ

ਮੰਨਣ ਤੋਂ ਬਿਨ੍ਹਾ ਰੱਬ ਦੀ ਸੰਪੂਰਨ ਕੁਦਰਤ ਸਾਬਤ ਹੀ ਨਹੀਂ ਹੋ ਸਕਦੀ ਅਤੇ ਨ ਉਸ ਦੀ ਖੁਦਾਈ ਚੱਲ ਸਕਦੀ ਹੈ। ਭਲਾ ਜੱਦ ਤੱਕ ਕਣ ਕਣ ਉਸ ਦਾ ਫ਼ਰਿਸ਼ਤਾ ਬਣ ਕੇ ਉਸ ਦੀ ਪਾਲਣਾ ਵਿੱਚ ਨ ਲੱਗਿਆ ਹੋਇਆ ਹੋਵੇ। ਤੱਦ ਤੱਕ ਇਹ ਸਾਰਾ ਕਾਰਖਾਨਾ ਉਸ ਦੀ ਇੱਛਾ ਅਨੁਸਾਰ ਕਿਵੇਂ ਚੱਲ ਸਕਦਾ ਹੈ ? ਕੋਈ ਸਾਨੂੰ ਸਮਝਾਵੇ ਤਾਂ ਸਹੀ। ਜੇਕਰ ਆਕਾਸ਼ੀ ਫ਼ਰਿਸ਼ਤੀਆਂ ਦੀ ਅਧਿਆਤਮਿਕ ਪ੍ਰਣਾਲੀ ਤੋਂ ਰੱਬ ਦੀ ਕੁਦਰਤ ਦੀ ਸ਼ਾਨ ਉੱਤੇ ਕੁੱਝ ਧੱਬਾ ਲੱਗ ਸਕਦਾ ਹੈ ਤਾਂ ਫਿਰ ਕੀ ਕਾਰਨ ਹੈ ਕਿ ਉਨ੍ਹਾਂ ਫ਼ਰਿਸ਼ਤੀਆਂ ਦੀ ਸ਼ਰੀਰਕ ਪ੍ਰਣਾਲੀ ਦੇ ਮੰਨਣ ਨਾਲ ਕਿ ਜੋ ਰੂਹਾਨੀ ਪ੍ਰਣਾਲੀ ਦੇ ਰੰਗ ਰੂਪ ਵਰਗੀ ਹੈ। ਰੱਬ ਦੀ ਸੰਪੂਰਨ ਕੁਦਰਤ ਉੱਤੇ ਕੋਈ ਧੱਬਾ ਨਹੀਂ ਲੱਗ ਸਕਦਾ ? ਸਗੋਂ ਸੱਚ ਤਾਂ ਇਹ ਹੈ ਕਿ ਆਰੀਆ ਆਦਿ ਸਾਡੇ ਵਿਰੋਧੀਆਂ ਨੇ ਬਹੁਤ ਜ਼ਿਆਦਾ ਅੰਨ੍ਹੇਪੁਣੇ ਨਾਲ ਅਜਿਹੇ ਅਜਿਹੇ ਅਯੋਗ ਦੋਸ਼ ਲਾ ਦਿੱਤੇ ਹਨ ਜਿਨ੍ਹਾਂ ਦਾ ਮੂਲ ਆਧਾਰ ਬਹੁਤ ਸਾਰੇ ਨਾਸਤਕੀ ਹਾਸ਼ੀਆਂ ਨਾਲ ਉਨ੍ਹਾਂ ਦੇ ਘਰ ਵਿੱਚ ਵੀ ਮੌਜੂਦ ਹਨ ਅਤੇ ਬਿਨ੍ਹਾਂ ਕਾਰਨ ਆਪਣੇ ਅੰਨ੍ਹੇਪੁਣੇ ਕਰਕੇ ਇੱਕ ਉੱਤਮ ਸੱਚਾਈ ਨੂੰ ਵਿਅਰਥ ਸਮਝ ਲਿਆ ਹੈ।

| | |
|---|---|
| چشم بد اندیش کہ بر کندہ باد | عیب نماید ہنرش در نظر[1] |

[1] ਚਸ਼ਮ ਬਦ ਅੰਦੇਸ਼ ਕਿ ਬਰ ਕੁਨੰਦਹ ਬਾਦ    ਐਬ ਨਮਾਇਦ ਹੁਨਰਸ਼ ਦਰ ਨਜ਼ਰ
ਅਨੁਵਾਦ : ਦੁਸ਼ਮਨੀ ਰਖੱਣ ਵਾਲੇ ਦੀ ਨਜ਼ਰ ਬਾਹਰ ਨਿਕਲੀ ਹੁੰਦੀ ਹੈ। ਉਸ ਦਾ ਹਰ ਗੁਣ ਲੋਕਾਂ ਨੂੰ ਨੁਕਸ ਨਜ਼ਰ ਆਉਂਦਾ ਹੈ। ਅਨੁਵਾਦਕ

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਸਲਾਮੀ ਕਾਨੂੰਨ ਅਨੁਸਾਰ ਫ਼ਰਿਸ਼ਤੀਆਂ ਦੇ ਗੁਣ ਮਨੁੱਖਾਂ ਦੇ ਗੁਣਾਂ ਤੋਂ ਕੁੱਝ ਵੱਧ ਨਹੀਂ। ਸਗੋਂ ਮਨੁੱਖਾਂ ਦੇ ਗੁਣ ਫ਼ਰਿਸ਼ਤੀਆਂ ਦੇ ਗੁਣਾਂ ਨਾਲੋਂ ਉੱਤਮ ਹਨ ਅਤੇ ਸ਼ਰੀਰਕ ਪ੍ਰਣਾਲੀ ਜਾਂ ਰੂਹਾਨੀ ਪ੍ਰਣਾਲੀ ਵਿੱਚ ਉਨ੍ਹਾਂ ਦਾ ਸਾਧਨ ਹੋਣਾ ਉਨ੍ਹਾਂ ਦੀ ਉੱਤਮਤਾ ਸਾਬਤ ਨਹੀਂ ਕਰਦਾ। ਸਗੋਂ ਕੁਰਆਨ ਸ਼ਰੀਫ ਦੇ ਮਾਰਗ ਦਰਸ਼ਨ ਅਨੁਸਾਰ ਉਹ ਨੌਜਵਾਨਾਂ ਵਾਂਗ ਇਸ ਕੰਮ ਵਿੱਚ ਲਾਏ ਗਏ ਹਨ। ਜਿਵੇਂ ਕਿ ਰੱਬ ਫ਼ਰਮਾਉਂਦਾ ਹੈ وَسَخَّرَ لَكُمُ الشَّمْسَ وَالْقَمَرَ[1] ਅਰਥਾਤ ਉਹ ਰੱਬ ਜਿਸ ਨੇ ਸੂਰਜ ਅਤੇ ਚੰਨ ਨੂੰ ਤੁਹਾਡੀ ਸੇਵਾ ਵਿੱਚ ਲਾਇਆ ਹੈ। ਮਿਸਾਲ ਵੱਜੋਂ ਵੇਖਣਾ ਚਾਹੀਦਾ ਹੈ ਕਿ ਇੱਕ ਡਾਕੀਆ ਇੱਕ ਬਾਦਸ਼ਾਹ ਵੱਲੋਂ ਉਸ ਦੇ ਕਿਸੇ ਦੇਸ਼ ਦੇ ਸੂਬੇ ਜਾਂ ਰਾਜਪਾਲ ਦੀ ਸੇਵਾ ਵਿੱਚ ਚਿੱਠੀਆਂ ਪਹੁੰਚਾ ਦਿੰਦਾ ਹੈ ਤਾਂ ਕੀ ਇਸ ਤੋਂ ਇਹ ਸਾਬਿਤ ਹੋ ਸਕਦਾ ਹੈ ਕਿ ਉਹ ਡਾਕੀਆ, ਜਿਹੜਾ ਉਸ ਬਾਦਸ਼ਾਹ ਅਤੇ ਗਵਰਨਰ ਜਨਰਲ ਵਿੱਚ ਸਾਧਨ ਹੈ। ਗਵਰਨਰ ਜਨਰਲ ਤੋਂ ਚੰਗਾ ਹੈ। ਸੋ, ਖ਼ੂਬ ਸਮਝ ਲਓ। ਇਹੋ ਮਿਸਾਲ ਉਨ੍ਹਾਂ ਸਾਧਨਾ ਦੀ ਹੈ। ਜਿਹੜੇ ਸਰੀਰਕ ਅਤੇ ਰੂਹਾਨੀ ਪ੍ਰਣਾਲੀ ਵਿੱਚ ਸਰਬ ਸ਼ਕਤੀਮਾਨ ਦੇ ਇਰਾਦੀਆਂ ਨੂੰ ਜ਼ਮੀਨ ਉੱਤੇ ਪਹੁੰਚਾਉਂਦੇ ਅਤੇ ਉਨ੍ਹਾਂ ਦੀ ਪੂਰਤੀ ਵਿੱਚ ਰੁੱਝੇ ਹੋਏ ਹਨ। ਰੱਬ ਕੁਰਆਨ ਸ਼ਰੀਫ ਵਿੱਚ ਕਈ ਥਾਂ ਸਪਸ਼ਟ ਰੂਪ ਵਿੱਚ ਦੱਸਦਾ ਹੈ ਕਿ ਜੋ ਕੁੱਝ ਜ਼ਮੀਨ ਅਤੇ ਆਕਾਸ਼ ਵਿੱਚ ਪੈਦਾ ਕੀਤਾ

[1] ਇਬਰਾਹੀਮ : 34

ਗਿਆ ਹੈ । ਉਹ ਸਭ ਚੀਜ਼ਾਂ ਆਪਣੀ ਹੋਂਦ ਵਿੱਚ ਮਨੁੱਖੀ ਪਰਜੀਵੀ ਹਨ । ਅਰਥਾਤ ਕੇਵਲ ਮਨੁੱਖ ਦੇ ਲਾਭ ਲਈ ਪੈਦਾ ਕੀਤੀਆਂ ਗਈਆਂ ਹਨ ਅਤੇ ਮਨੁੱਖ ਆਪਣੀ ਥਾਂ ਸਭ ਤੋਂ ਉੱਚ ਅਤੇ ਉੱਚਤਮ ਅਤੇ ਸਭ ਦਾ ਮੱਖ਼ਦੂਮ[1] ਹੈ । ਜਿਸ ਦੀ ਸੇਵਾ ਵਿੱਚ ਇਹ ਚੀਜ਼ਾਂ ਲਾ ਦਿੱਤੀਆਂ ਗਈਆਂ ਹਨ । ਜਿਵੇਂ ਕਿ ਉਹ ਫ਼ਰਮਾਉਂਦਾ ਹੈ ਕਿ :

وَسَخَّرَ لَكُمُ الشَّمْسَ وَالْقَمَرَ دَائِبَيْنِ وَسَخَّرَ لَكُمُ اللَّيْلَ وَالنَّهَارَ (34) وَآتَاكُمْ مِنْ كُلِّ مَا
سَأَلْتُمُوهُ وَإِنْ تَعُدُّوا نِعْمَةَ اللَّهِ لَا تُحْصُوهَا[2] هُوَ الَّذِي خَلَقَ لَكُمْ مَا فِي الْأَرْضِ جَمِيعًا[3]

ਅਤੇ ਤੁਹਾਡੇ ਲਈ ਸੂਰਜ ਅਤੇ ਚੰਨ ਨੂੰ ਕੰਮ ਵਿੱਚ ਲਾਇਆ । ਜੋ ਹਮੇਸ਼ਾ ਘੁੰਮਣ ਵਾਲੇ ਹਨ । ਅਰਥਾਤ ਜੋ ਆਪਣੀ ਹਾਲਤਾਂ ਤੇ ਖ਼ੂਬੀਆਂ ਅਨੁਸਾਰ ਇੱਕ ਹਾਲਤ ਉੱਤੇ ਨਹੀਂ ਰਹਿੰਦੇ । ਮਿਸਾਲ ਲਈ ਜੋ ਬਹਾਰ ਦੇ ਮਹੀਨੀਆਂ ਵਿੱਚ ਸੂਰਜ ਦੀ ਖ਼ੂਬੀਆਂ ਹਨ । ਉਹ ਪੱਤਝੜ੍ਹ ਦੇ ਮਹੀਨੀਆਂ ਵਿੱਚ ਕਦੇ ਨਹੀਂ ਹੁੰਦੀਆਂ । ਸੋ, ਇੰਞ ਸੂਰਜ ਅਤੇ ਚੰਨ ਸਦਾ ਘੁੰਮਦੇ ਰਹਿੰਦੇ ਹਨ । ਕਦੇ ਉਨ੍ਹਾਂ ਦੇ ਘੁੰਮਣ ਨਾਲ ਸਾਵਨ ਦਾ ਮੌਸਮ ਆ ਜਾਂਦਾ ਹੈ ਅਤੇ ਕਦੇ ਪੱਤਝੜ੍ਹ ਅਤੇ ਕਦੇ ਇੱਕ ਵਿਸ਼ੇਸ਼ ਪ੍ਰਕਾਰ ਦੀ ਖ਼ੂਬੀ ਉਨ੍ਹਾਂ ਤੋਂ ਪ੍ਰਕਟ ਹੁੰਦੀ ਹੈ ਅਤੇ ਕਦੇ ਉਸ ਦੇ ਉਲਟ ਖ਼ੂਬੀਆਂ ਪ੍ਰਕਟ ਹੁੰਦੀਆਂ ਹਨ । ਫਿਰ ਅੱਗੇ ਕਿਹਾ ਕਿ ਤੁਹਾਡੇ ਲਈ ਰਾਤ ਅਤੇ ਦਿਨ ਨੂੰ ਕੰਮ ਵਿੱਚ ਲਾਇਆ ਅਤੇ ਤੁਹਾਨੂੰ ਹਰ ਇੱਕ ਚੀਜ਼

[1] ਜਿਸ ਦੀ ਸੇਵਾ ਕੀਤੀ ਜਾਵੇ ਅਨੁਵਾਦਕ

[2] ਇਬਰਾਹੀਮ : 34-35

[3] ਅਲ-ਬਕਰਹ : 30

ਵਿੱਚੋਂ ਉਹ ਸਾਰਾ ਸਮਾਨ ਦਿੱਤਾ। ਜਿਸ ਨੂੰ ਤੁਹਾਡੀ ਸਰਿਸ਼ਤਾਂ ਨੇ ਮੰਗਿਆ। ਅਰਥਾਤ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਦਿੱਤਾ। ਜਿਨ੍ਹਾਂ ਦੇ ਤੁਸੀ ਲੋੜ੍ਹਵੰਦ ਸਨ। ਜੇਕਰ ਤੁਸੀ ਰੱਬ ਦੀ ਦਾਤਾਂ ਨੂੰ ਗਿਣਨਾ ਚਾਹੋ ਤਾਂ ਕਦੇ ਗਿਣ ਨਹੀਂ ਸਕਦੇ। ਉਹ ਉਹੀ ਰੱਬ ਹੈ। ਜਿਸ ਨੇ ਜੋ ਕੁੱਝ ਜ਼ਮੀਨ ਉੱਤੇ ਹੈ। ਤੁਹਾਡੇ ਲਾਭ ਲਈ ਪੈਦਾ ਕੀਤਾ ਹੈ ਅਤੇ ਫਿਰ ਇੱਕ ਹੋਰ ਆਇਤ ਵਿੱਚ ਰੱਬ ਫ਼ਰਮਾਉਂਦਾ ਹੈ :

لَقَدۡ خَلَقۡنَا ٱلۡإِنسَٰنَ فِيٓ أَحۡسَنِ تَقۡوِيمٖ[1]

ਅਰਥਾਤ ਅਸੀਂ ਮਨੁੱਖ ਨੂੰ ਯੋਗ ਤੋਂ ਯੋਗ ਢੰਗ ਨਾਲ ਸਾਜਿਆ ਹੈ ਅਤੇ ਉਹ ਸੰਜਮਤਾ ਦੀ ਉਸ ਸਿਫ਼ਤ ਵਿੱਚ ਸਾਰੀਆਂ ਤੋਂ ਚੰਗਾ ਅਤੇ ਉੱਤਮ ਹੈ ਅਤੇ ਫਿਰ ਇੱਕ ਹੋਰ ਥਾਂ ਫ਼ਰਮਾਉਂਦਾ ਹੈ ਕਿ

إِنَّا عَرَضۡنَا ٱلۡأَمَانَةَ عَلَى ٱلسَّمَٰوَٰتِ وَٱلۡأَرۡضِ وَٱلۡجِبَالِ فَأَبَيۡنَ أَن يَحۡمِلۡنَهَا وَأَشۡفَقۡنَ مِنۡهَا وَحَمَلَهَا ٱلۡإِنسَٰنُۖ إِنَّهُۥ كَانَ ظَلُومٗا جَهُولٗا[2]

ਅਰਥਾਤ ਅਸੀਂ ਆਪਣੀ ਅਮਾਨਤ ਨੂੰ ਜਿਸ ਤੋਂ ਮੁਰਾਦ ਇਸ਼ਕ ਅਤੇ ਰੱਬੀ ਪ੍ਰੇਮ ਅਤੇ ਮੁਸੀਬਤ ਵਿੱਚ ਪੈ ਕੇ ਫਿਰ ਸੰਪੂਰਨ ਆਗਿਆਕਾਰੀ ਹੋਣਾ ਹੈ। ਆਕਾਸ਼ ਦੇ ਸਾਰੇ ਫ਼ਰਿਸ਼ਤੀਆਂ ਅਤੇ ਜ਼ਮੀਨ ਦੀ ਸਾਰੀ

---

[1] ਅੱਤੀਨ : 05

[2] ਅਰਥਾਤ ਅਸੀ ਸੰਪੂਰਨ ਅਮਾਨਤ (ਸ਼ਰੀਅਤ) ਨੂੰ ਸਾਰੇ ਆਕਾਸ਼ਾਂ, ਧਰਤੀ ਅਤੇ ਪਹਾੜ੍ਹਾਂ ਅੱਗੇ ਪੈਸ਼ ਕੀਤਾ ਸੀ। ਪਰ ਉਹਨਾਂ ਨੇ ਉਸ ਭਾਰ ਨੂੰ ਚੁੱਕਣ ਤੋਂ ਨਾਂਹ ਕਰ ਦਿੱਤੀ ਸੀ ਅਤੇ ਉਸ ਤੋਂ ਵੱਡੇ ਭੈਭੀਤ ਹੋ ਗਏ ਸਨ। ਪਰ ਮਨੁੱਖ ਨੇ ਉਸ ਨੂੰ ਚੁੱਕ ਲਿਆ ਸੀ। ਨਿਰਸੰਦੇਹ ਉਹ ਜ਼ੁਲਮ ਕਰਨ ਵਾਲਾ ਅਤੇ ਸਿੱਟੇ ਤੋਂ ਬੇਪਰਵਾਹ ਸੀ। (ਇਹ ਅਨੁਵਾਦ ਤਫ਼ਸੀਰ-ਏ-ਸਗ਼ੀਰ (ਪੰਜਾਬੀ ਅਨੁਵਾਦ) ਤੋਂ ਲਿਆ ਗਿਆ ਹੈ-ਅਲ-ਅਹਜ਼ਾਬ : 73) ਅਨੁਵਾਦਕ

ਸਿਰਜਨਾ ਅਤੇ ਪਹਾੜ੍ਹਾਂ ਉੱਤੇ ਪੇਸ਼ ਕੀਤਾ । ਜਿਹੜ੍ਹੀਆਂ ਵੇਖਣ ਵਿੱਚ ਬਹੁਤ ਮਜ਼ਬੂਤ ਚੀਜ਼ਾਂ ਸਨ । ਸੋ, ਉਨ੍ਹਾ ਸਾਰੀਆਂ ਚੀਜ਼ਾਂ ਨੇ ਉਸ ਅਮਾਨਤ ਨੂੰ ਚੁੱਕਣ ਤੋਂ ਇੰਨਕਾਰ ਕਰ ਦਿੱਤਾ ਅਤੇ ਉਸ ਦੀ ਵੱਡਿਆਈ ਨੂੰ ਵੇਖ ਕੇ ਡਰ ਗਈਆਂ । ਪਰ ਇੰਨਸਾਨ ਨੇ ਉਸ ਨੂੰ ਚੁੱਕ ਲਿਆ ਕਿਉਂਕਿ ਇੰਨਸਾਨ ਵਿੱਚ ਇਹ ਦੋ ਖ਼ੂਬੀਆਂ ਸਨ । ਇੱਕ ਇਹ ਕਿ ਉਹ ਰੱਬ ਦੀ ਰਾਹ ਵਿੱਚ ਆਪਣੇ ਉੱਤੇ ਜ਼ੁਲਮ ਕਰ ਸਕਦਾ ਸੀ । ਦੂਜੀ ਇਹ ਖ਼ੂਬੀ ਕਿ ਉਹ ਰੱਬ ਦੇ ਪ੍ਰੇਮ ਵਿੱਚ ਇਸ ਦਰਜੇ ਨੂੰ ਪਹੁੰਚ ਸਕਦਾ ਸੀ । ਜੋ ਦੂਜੇ ਇਸ਼ਟਾਂ ਨੂੰ ਬਿਲਕੁੱਲ ਭੁੱਲ ਜਾਵੇ । ਫਿਰ ਇੱਕ ਹੋਰ ਥਾਂ ਫ਼ਰਮਾਈਆ ਕਿ :

إِذْ قَالَ رَبُّكَ لِلْمَلَائِكَةِ إِنِّي خَالِقٌ بَشَرًا مِنْ طِينٍ (72) فَإِذَا سَوَّيْتُهُ وَنَفَخْتُ فِيهِ مِنْ رُوحِي فَقَعُوا لَهُ سَاجِدِينَ (73) فَسَجَدَ الْمَلَائِكَةُ كُلُّهُمْ أَجْمَعُونَ (74) إِلَّا إِبْلِيسَ [1]

ਅਰਥਾਤ ਯਾਦ ਕਰੋ ਉਹ ਸਮਾਂ ਕਿ ਜੱਦ ਤੇਰੇ ਰੱਬ ਨੇ (ਜਿਸ ਦਾ ਤੂੰ ਸੰਪੂਰਨ ਪ੍ਰਤੋਹ ਹੈ) ਫ਼ਰਿਸ਼ਤੀਆਂ ਨੂੰ ਕਿਹਾ ਕਿ ਮੈਂ ਮਿੱਟੀ ਤੋਂ ਇੱਕ ਮਨੁੱਖ ਪੈਦਾ ਕਰਨ ਵਾਲਾ ਹਾਂ । ਸੋ, ਜੱਦ ਮੈਂ ਉਸ ਨੂੰ ਸੰਪੂਰਨ ਸੰਜਮਤਾ ਉੱਤੇ ਪੈਦਾ ਕਰ ਲਵਾਂ ਅਤੇ ਆਪਣੀ ਰੂਹ ਵਿੱਚੋਂ ਉਸ ਵਿੱਚ ਫ਼ੂਕ ਦਿਆਂ,

---

[1] ਅਰਥਾਤ ਯਾਦ ਕਰੋ ਉਹ ਸਮਾਂ ਜੱਦ ਕਿ ਤੇਰੇ ਰੱਬ ਨੇ ਫ਼ਰਿਸ਼ਤੀਆਂ ਨੂੰ ਕਿਹਾ ਕਿ ਮੈਂ ਗਿੱਲੀ ਮਿੱਟੀ ਤੋਂ ਇੱਕ ਮਨੁੱਖ ਪੈਦਾ ਕਰਨ ਵਾਲਾ ਹਾਂ । ਸੋ, ਜੱਦ ਮੈਂ ਉਸ ਨੂੰ ਪੂਰਨ ਕਰ ਲਵਾਂ ਅਤੇ ਉਸ ਵਿੱਚ ਆਪਣੀ ਰੂਹ ਭਰ ਦਿਆਂ, ਤਾਂ ਤੁਸੀਂ ਸਾਰੇ ਹੀ ਆਗਿਆਕਾਰੀ ਨਾਲ ਉਸ ਦੇ ਅੱਗੇ ਝੁੱਕ ਜਾਓ । ਸੋ, ਸਾਰੇ ਹੀ ਫ਼ਰਿਸ਼ਤੀਆਂ ਨੇ ਉਸ ਦੀ ਆਗਿਆਕਾਰੀ ਧਾਰਨ ਕਰ ਲਈ, ਛੁੱਟ ਇਬਲੀਸ ਦੇ । ਇਹ ਅਨੁਵਾਦ ਤਫ਼ਸੀਰ-ਏ-ਸਗ਼ੀਰ (ਪੰਜਾਬੀ ਅਨੁਵਾਦ) ਤੋਂ ਲਿਆ ਗਿਆ ਹੈ-ਸੁਆਦ : 72-75) ਅਨੁਵਾਦਕ

ਤਾਂ ਤੁਸੀਂ ਉਸ ਅੱਗੇ ਸੱਜਦੇ ਵਿੱਚ ਝੁੱਕ ਜਾਓ। ਅਰਥਾਤ ਸੰਪੂਰਨ ਨਿਮਰਤਾ ਨਾਲ ਉਸ ਦੀ ਸੇਵਾ ਵਿੱਚ ਜੁੜ੍ਹ ਜਾਓ ਅਤੇ ਅਜੀਹੀ ਸੇਵਾ ਵਿੱਚ ਜੁੜ੍ਹ ਜਾਓ ਕਿ ਜਿਵੇਂ ਤੁਸੀਂ ਉਸ ਨੂੰ ਸੱਜਦਾ ਕਰ ਰਹੇ ਹੋ। ਸੋ, ਸਾਰੇ ਹੀ ਫ਼ਰਿਸ਼ਤੇ ਉਸ ਸੰਪੂਰਨ ਮਨੁੱਖ ਅੱਗੇ ਸਿੱਜਦੇ ਵਿੱਚ ਡਿੱਗ ਗਏ। ਪਰ ਸ਼ੈਤਾਨ ਉਸ ਇੱਜ਼ਤ ਤੋਂ ਵਾਂਝਾ ਰਹਿ ਗਿਆ। ਇਸ ਆਗਿਆਕਾਰੀ ਦਾ ਆਦੇਸ਼ ਉਸ ਸਮੇਂ ਨਾਲ ਸੰਬੰਧਿਤ ਨਹੀਂ ਹੈ ਕਿ ਜੱਦ ਹਜ਼ਰਤ ਆਦਮ ਪੈਦਾ ਹੋਏ। ਸਗੋਂ ਇਹ ਵੱਖਰਾ ਫ਼ਰਿਸ਼ਤੀਆਂ ਨੂੰ ਆਦੇਸ਼ ਦਿੱਤਾ ਗਿਆ। ਜੱਦ ਕੋਈ ਮਨੁੱਖ ਆਪਣੀ ਅਸਲ ਮਨੁੱਖਤਾ ਤੱਕ ਪਹੁੰਚ ਜਾਵੇ ਅਤੇ ਮਨੁੱਖੀ ਸੰਜਮਤਾ ਉਸ ਨੂੰ ਪ੍ਰਾਪਤ ਹੋਵੇ ਅਤੇ ਰੱਬ ਦੀ ਰੂਹ ਉਸ ਵਿੱਚ ਵਾਸ ਕਰੇ, ਤਾਂ ਤੁਸੀਂ ਉਸ ਸੰਪੂਰਨ ਅੱਗੇ ਆਗਿਆਕਾਰੀ ਬਣ ਕੇ ਡਿੱਗਿਓ। ਅਰਥਾਤ ਆਕਾਸ਼ੀ ਨੂਰਾਂ ਨਾਲ ਉਸ ਉੱਤੇ ਉੱਤਰੋ ਅਤੇ ਉਸ ਉੱਤੇ ਦਰੂਦ ਭੇਜੋ। ਸੋ, ਇਹ ਉਸ ਪੂਰਾਤਨ ਕਾਨੂੰਨ ਵੱਲ੍ਹ ਸੰਕੇਤ ਹੈ। ਜੋ ਰੱਬ ਆਪਣੇ ਨੇਕ ਬੰਦਿਆਂ ਨਾਲ ਸਦਾ ਜਾਰੀ ਰੱਖਦਾ ਹੈ। ਜੱਦ ਕੋਈ ਬੰਦਾ ਕਿਸੇ ਜ਼ਮਾਨੇ ਵਿੱਚ ਰੂਹਾਨੀ ਸੰਜਮਤਾ ਪ੍ਰਾਪਤ ਕਰ ਲੈਂਦਾ ਹੈ ਅਤੇ ਰੱਬ ਦੀ ਰੂਹ ਉਸ ਅੰਦਰ ਆਬਾਦ ਹੁੰਦੀ ਹੈ। ਅਰਥਾਤ ਆਪਣੀ ਜਿੰਦ ਤੋਂ ਫ਼ਾਨੀ ਹੋ ਕੇ ਬਕਾ-ਬਿੱਲਾਹ[1] ਦਾ ਦਰਜਾ ਪ੍ਰਾਪਤ ਕਰਦਾ ਹੈ, ਤਾਂ ਇੱਕ ਵਿਸ਼ੇਸ਼ ਢੰਗ ਨਾਲ ਫ਼ਰਿਸ਼ਤੀਆਂ ਦਾ ਆਉਣਾ ਉਸ ਉੱਤੇ ਸ਼ੁਰੂ ਹੋ ਜਾਂਦਾ ਹੈ। ਜੱਦ

[1] ਅੱਲਾਹ ਵਿੱਚ ਬਾਕੀ ਰਹਿਣ ਅਨੁਵਾਦਕ

ਕਿ ਸੰਬੰਧ ਦੇ ਆਰੰਭ ਵਿੱਚ ਵੀ ਫ਼ਰਿਸ਼ਤੇ ਉਸ ਦੀ ਮਦਦ ਅਤੇ ਸੇਵਾ ਵਿੱਚ ਲੱਗੇ ਹੁੰਦੇ ਹਨ । ਪਰ ਇਹ ਆਉਣਾ ਇੰਨ੍ਹਾਂ ਵਧੀਆ ਅਤੇ ਸੰਪੂਰਨ ਹੁੰਦਾ ਹੈ ਕਿ ਆਗਿਆਕਾਰੀ ਬਣਨ ਦਾ ਆਦੇਸ਼ ਰੱਖਦਾ ਹੈ ਅਤੇ ਆਗਿਆਕਾਰੀ ਬਣਣ ਦੇ ਸ਼ਬਦ ਨਾਲ ਰੱਬ ਨੇ ਇਹ ਪ੍ਰਕਟ ਕਰ ਦਿੱਤਾ ਕਿ ਫ਼ਰਿਸ਼ਤੇ ਸੰਪੂਰਨ ਮਨੁੱਖ ਨਾਲੋਂ ਚੰਗੇ ਨਹੀਂ ਹਨ । ਸਗੋਂ ਉਹ ਸਾਰੇ ਸੇਵਕਾਂ ਵਾਂਗ ਸਤਿਕਾਰ ਵੱਜੋਂ ਸੰਪੂਰਨ ਮਨੁੱਖ ਅੱਗੇ ਆਗਿਆਕਾਰੀ ਬਣ ਰਹੇ ਹਨ । ਇੰਝ ਹੀ ਰੱਬ ਨੇ ਸੂਰਤ ਅੱਸ਼ਮਸ ਵਿੱਚ ਬਹੁਤ ਸੂਖਮ ਸੰਕੇਤਾਂ ਅਤੇ ਰੂਪਕਾਂ ਰਾਹੀ ਸੰਪੂਰਨ ਮਨੁੱਖ ਦੇ ਸਥਾਨ ਨੂੰ ਜ਼ਮੀਨ ਆਕਾਸ਼ ਦੇ ਸਾਰੇ ਨਿਵਾਸੀਆਂ ਤੋਂ ਉੱਚ ਅਤੇ ਵੱਡਾ ਬਿਆਨ ਕੀਤਾ ਹੈ । ਜਿਵੇਂ ਕਿ ਉਹ ਫ਼ਰਮਾਉਂਦਾ ਹੈ ਕਿ :

وَٱلشَّمۡسِ وَضُحَىٰهَا ۔ وَٱلۡقَمَرِ إِذَا تَلَىٰهَا ۔ وَٱلنَّهَارِ إِذَا جَلَّىٰهَا ۔ وَٱلَّيۡلِ إِذَا يَغۡشَىٰهَا ۔ وَٱلسَّمَآءِ وَمَا بَنَىٰهَا ۔ وَٱلۡأَرۡضِ وَمَا طَحَىٰهَا ۔ وَنَفۡسٖ وَمَا سَوَّىٰهَا ۔ فَأَلۡهَمَهَا فُجُورَهَا وَتَقۡوَىٰهَا ۔ قَدۡ أَفۡلَحَ مَن زَكَّىٰهَا ۔ وَقَدۡ خَابَ مَن دَسَّىٰهَا ۔ كَذَّبَتۡ ثَمُودُ بِطَغۡوَىٰهَآ ۔ إِذِ ٱنۢبَعَثَ أَشۡقَىٰهَا ۔ فَقَالَ لَهُمۡ رَسُولُ ٱللَّهِ نَاقَةَ ٱللَّهِ وَسُقۡيَٰهَا ۔ فَكَذَّبُوهُ فَعَقَرُوهَا فَدَمۡدَمَ عَلَيۡهِمۡ رَبُّهُم بِذَنۢبِهِمۡ فَسَوَّىٰهَا ۔ وَلَا يَخَافُ عُقۡبَٰهَا [1]

---

[1] ਮੈਂ ਸੂਰਜ ਨੂੰ ਅਤੇ "ਜ਼ੁਹਾ" ਦੇ ਸਮੇਂ ਨੂੰ ਗਵਾਹੀ ਵੱਜੋਂ ਪੇਸ਼ ਕਰਦਾ ਹਾਂ । ਜੱਦ ਉਹ ਉਦੇ ਹੋਣ ਮਗਰੋਂ ਉੱਚਾ ਹੋ ਜਾਂਦਾ ਹੈ । ਅਤੇ ਚੰਨ ਨੂੰ ਜੱਦ ਉਹ (ਸੂਰਜ) ਦੇ ਪਿੱਛੇ ਆਉਂਦਾ ਹੈ । ਅਤੇ ਦਿਨ ਨੂੰ (ਵੀ ਗਵਾਹੀ ਵੱਜੋਂ ਪੇਸ਼ ਕਰਦਾ ਹਾਂ) ਜੱਦ ਉਹ ਇਸ (ਸੂਰਜ) ਨੂੰ ਪ੍ਰਕਟ ਕਰ ਦਿੰਦਾ ਹੈ । ਅਤੇ ਰਾਤ ਨੂੰ ਵੀ (ਗਵਾਹੀ ਵੱਜੋਂ ਪੇਸ਼ ਕਰਦਾ ਹਾਂ) ਜੱਦ ਕਿ ਉਹ (ਸੂਰਜ) ਦੇ ਚਾਨਣੇ ਨੂੰ ਅੱਖਾਂ ਤੋਂ ਓਹਲੇ ਕਰ ਦਿੰਦੀ ਹੈ । ਅਤੇ ਆਕਾਸ਼ ਨੂੰ ਅਤੇ ਉਸ ਦੇ ਬਣਾਏ ਜਾਣ ਨੂੰ ਵੀ । ਅਤੇ ਧਰਤੀ ਨੂੰ ਵੀ ਅਤੇ ਉਸ ਦੇ ਵਿਛਾਏ ਜਾਣ ਨੂੰ ਵੀ (ਗਵਾਹੀ ਵੱਜੋਂ ਪੇਸ਼ ਕਰਦਾ ਹਾਂ) । ਅਤੇ ਮਨੁੱਖ ਦੀ ਜਿੰਦ ਨੂੰ ਵੀ ਅਤੇ ਉਸ ਦੇ ਬੇਐਬ ਬਣਾਏ ਜਾਣ ਨੂੰ ਵੀ (ਗਵਾਹੀ ਵੱਜੋਂ ਪੇਸ਼ ਕਰਦਾ ਹਾਂ) । ਉਸ (ਰੱਬ) ਨੇ

ਅਰਥਾਤ ਕਸਮ ਹੈ ਸੂਰਜ ਦੀ ਅਤੇ ਉਸ ਦੀ ਧੁੱਪ ਦੀ । ਅਤੇ ਕਸਮ ਹੈ ਚੰਨ ਦੀ, ਜੱਦ ਉਹ ਸੂਰਜ ਦੇ ਪਿੱਛੇ ਚਲੇ । ਅਤੇ ਕਸਮ ਹੈ ਦਿਨ ਦੀ, ਜੱਦ ਆਪਣੇ ਪ੍ਰਕਾਸ਼ ਨੂੰ ਪ੍ਰਕਟ ਕਰੇ । ਅਤੇ ਕਸਮ ਹੈ ਉਸ ਰਾਤ ਦੀ, ਜੋ ਬਿਲਕੁੱਲ ਹਨ੍ਹੇਰ ਹੋਵੇ । ਅਤੇ ਕਸਮ ਹੈ ਜ਼ਮੀਨ ਦੀ ਅਤੇ ਉਸ ਦੀ, ਜਿਸ ਨੇ ਉਸ ਨੂੰ ਵਿਛਾਇਆ । ਅਤੇ ਕਸਮ ਹੈ ਮਨੁੱਖ ਦੀ ਜਿੰਦ ਦੀ ਅਤੇ ਉਸ ਦੀ, ਜਿਸ ਨੇ ਉਸ ਨੂੰ ਸੰਪੂਰਨ ਸੰਜਮਤਾ ਅਤੇ ਧੀਰਜ ਦੇ ਸਾਰੇ ਵੱਖ ਵੱਖ ਕਮਾਲ ਬਖ਼ਸ਼ੇ ਅਤੇ ਕਿਸੇ ਕਮਾਲ ਤੋਂ ਵਾਂਝਾ ਨ ਰੱਖਿਆ । ਸਗੋਂ ਸਾਰੇ ਵੱਖ ਵੱਖ ਕਮਾਲ ਜਿਨ੍ਹਾਂ ਦੀ ਪਹਿਲੀਆਂ ਕਿਸਮਾਂ

---

(ਜਿੰਦ) ਉੱਤੇ ਉਸ ਦੀ ਕੁਕਰਮੀ (ਦੇ ਮਾਰਗ ਨੂੰ ਵੀ) ਅਤੇ ਉਸ ਦੀ ਸੰਜਮਤਾ ਨੂੰ ਵੀ ਚੰਗੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੈ । ਸੋ, ਜਿਸ ਨੇ ਇਸ (ਜਿੰਦ) ਨੂੰ ਪਵਿੱਤਰ ਕਰ ਲਿਆ ਹੈ । ਸਮਝ ਲਓ ਕਿ ਉਸ ਨੇ ਆਪਣਾ ਮਨੋਰਥ ਸਿੱਧ ਕਰ ਲਿਆ ਹੈ । ਅਤੇ ਜਿਸ ਨੇ ਇਸ ਨੂੰ (ਮਿੱਟੀ ਵਿੱਚ) ਦੱਬ ਦਿੱਤਾ ਹੈ (ਸਮਝ ਲਓ ਕਿ) ਉਹ ਨਿਸਫ਼ਲ ਹੋ ਗਿਆ ਹੈ । "ਸਮੂਦ" ਨੇ ਆਪਣੀ ਹੱਦੋਂ ਟੱਪੀ ਹੋਈ ਬਗ਼ਾਵਤ ਦੇ ਕਾਰਣ (ਆਪਣੇ ਸਮੇਂ ਦੇ) ਨਬੀ ਦੀ ਨਿੰਦਾ ਕੀਤੀ । ਉਸ ਸਮੇਂ ਜੱਦ ਕਿ ਉਸ ਦੀ ਜਾਤੀ ਵਿੱਚੋਂ ਸਭ ਤੋਂ ਵੱਡਾ ਅਭਾਗਾ ਉਸ (ਆਪਣੇ ਸਮੇਂ ਦੇ ਨਬੀ) ਦੀ ਵਿਰੋਧਤਾ ਲਈ ਖੜ੍ਹਾਂ ਹੋਇਆ । ਇਸ ਉੱਤੇ ਉਸ (ਸਮੂਦ ਦੀ ਕੌਮ) ਨੂੰ ਰੱਬ ਦੇ ਰਸੂਲ "ਸਾਲਿਹ" ਨੇ ਇਹ ਕਿਹਾ ਕਿ ਰੱਬ ਵਾਸਤੇ ਭੇਟ ਹੋਈ ਡਾਚੀ ਤੋਂ ਬਚਦੇ ਰਹੋ ਅਤੇ ਇਸੇ ਤਰ੍ਹਾਂ ਉਸ ਦੇ ਪਾਣੀ ਪਿਆਉਣ ਦੇ ਮਾਮਲੇ ਵਿੱਚ ਵੀ ਹਰ ਕਿਸਮ ਦੀ ਬਗ਼ਾਵਤ ਤੋਂ ਰੁਕ ਜਾਓ । ਪਰ ਉਨ੍ਹਾ ਨੇ ਉਸ (ਨਬੀ) ਦੀ ਗੱਲ ਨਹੀਂ ਮੰਨੀ । ਸਗੋਂ ਉਸ ਦੀ ਨਿੰਦਾ ਕੀਤੀ ਅਤੇ (ਉਸ) ਡਾਚੀ ਦੇ (ਜਿਸ ਤੋਂ ਬਚੇ ਰਹਿਣ ਦੀ ਉਨ੍ਹਾ ਨੂੰ ਕਰੜ੍ਹਾਈ ਕੀਤੀ ਗਈ ਸੀ) ਗਿੱਟੇ ਵੱਢ ਦਿੱਤੇ ਸਨ । ਜਿਸ ਦੇ ਸਿੱਟੇ ਵਿੱਚ (ਰੱਬ) ਨੇ ਉਨ੍ਹਾ ਨੂੰ ਮਿੱਟੀ ਵਿੱਚ ਮਿਲਾਉਣ ਦਾ ਫ਼ੈਸਲਾ ਕਰ ਦਿੱਤਾ ਅਤੇ ਅਜਿਹੀਆਂ ਵਿਓਂਤਾਂ ਕੀਤੀਆਂ ਕਿ ਉਸ ਤਰ੍ਹਾਂ ਹੋ ਵੀ ਗਿਆ । ਅਤੇ ਉਹ (ਇਸੇ ਤਰ੍ਹਾਂ) ਇਨ੍ਹਾਂ (ਮੱਕੇ ਵਾਸੀਆਂ) ਦੇ ਅੰਤ ਦੀ ਵੀ ਪਰਵਾਹ ਨਹੀਂ ਕਰੇਗਾ-(ਇਹ ਅਨੁਵਾਦ ਤਫ਼ਸੀਰ-ਏ-ਸਗ਼ੀਰ (ਪੰਜਾਬੀ ਅਨੁਵਾਦ) ਤੋਂ ਲਿਆ ਗਿਆ ਹੈ- ਅਸ਼ੱਮਸ: 02-16) ਅਨੁਵਾਦਕ

ਦੇ ਹੇਠਾਂ ਚਰਚਾ ਕੀਤੀ ਗਈ ਹੈ। ਉਸ ਵਿੱਚ ਜਮ੍ਹਾਂ ਕਰ ਦਿੱਤੇ। ਇੰਝ ਕਿ ਸੰਪੂਰਨ ਮਨੁੱਖ ਦੀ ਜਿੰਦ ਸੂਰਜ ਅਤੇ ਉਸ ਦੀ ਧੁੱਪ ਦਾ ਵੀ ਕਮਾਲ ਆਪਣੇ ਅੰਦਰ ਰੱਖਦੀ ਹੈ ਅਤੇ ਚੰਨ ਦੀ ਖ਼ੂਬੀਆਂ ਵੀ ਉਸ ਵਿੱਚ ਪਾਈਆਂ ਜਾਂਦੀਆਂ ਹਨ ਕਿ ਉਹ ਦੂਜੀਆਂ ਤੋਂ ਫ਼ੈਜ਼ ਪ੍ਰਾਪਤ ਕਰ ਸਕਦਾ ਹੈ ਅਤੇ ਇੱਕ ਨੂਰ ਤੋਂ ਲਾਭ ਵੱਜੋਂ ਆਪਣੇ ਅੰਦਰ ਵੀ ਨੂਰ ਲੈ ਸਕਦਾ ਹੈ। ਅਤੇ ਉਸ ਵਿੱਚ ਦਿਨ ਦੇ ਚਾਨਣ ਦੀਆਂ ਵੀ ਖ਼ੂਬੀਆਂ ਮੌਜੂਦ ਹਨ ਕਿ ਜਿਵੇਂ ਮਿਹਨਤ ਅਤੇ ਮਜ਼ਦੂਰੀ ਕਰਨ ਵਾਲੇ ਲੋਕ ਦਿਨ ਦੇ ਚਾਨਣ ਵਿੱਚ ਸੁਚਾਰੂ ਢੰਗ ਨਾਲ ਆਪਣੇ ਕਾਰਜ ਨੂੰ ਪੂਰਾ ਕਰ ਸਕਦੇ ਹਨ। ਇੰਝ ਹੀ ਹੱਕ ਦੇ ਜਾਚਕ ਅਤੇ ਸਲੂਕ ਦੀਆਂ ਰਾਹਾਂ ਨੂੰ ਅਪਣਾਉਣ ਵਾਲੇ ਸੰਪੂਰਨ ਮਨੁੱਖ ਦੇ ਨਮੂਨੀਆਂ ਉੱਤੇ ਚੱਲ੍ਹ ਕੇ ਬਹੁਤ ਸਰਲਤਾ ਅਤੇ ਸਫਾਈ ਨਾਲ ਆਪਣੇ ਧਾਰਮਿਕ ਕਾਰਜ ਪੂਰੇ ਕਰਦੇ ਹਨ। ਸੋ, ਉਹ ਦਿਨ ਵਾਂਗ ਆਪਣੇ ਆਪ ਨੂੰ ਅਥਾਹ ਸਫਾਈ ਨਾਲ ਪ੍ਰਕਟ ਕਰ ਸਕਦੇ ਹਨ ਅਤੇ ਸਾਰੀਆਂ ਖ਼ੁਬੀਆਂ ਦਿਨ੍ਹ ਦੀ ਆਪਣੇ ਅੰਦਰ ਰੱਖਦੇ ਹਨ।[1]

---

[1] ਸੂਰਜ ਰੱਬ ਦੀ ਸੰਪੂਰਨ ਸਿਆਣਪ ਨਾਲ ਸੱਤ ਸੌ ਤੀਹ ਨਿਯੁੱਕਤੀਆ ਵਿੱਚ ਆਪਣੇ ਆਪ ਨੂੰ ਗਠਿਤ ਕਰਕੇ ਸੰਸਾਰ ਉੱਤੇ ਵੱਖੋ ਵੱਖ ਕਿਸਮਾਂ ਦੇ ਪ੍ਰਭਾਵ ਪਾਉਂਦਾ ਹੈ ਅਤੇ ਹਰ ਇੱਕ ਗਠਨ ਕਰਕੇ ਇੱਕ ਖਾਸ ਨਾਂ ਉਸ ਨੂੰ ਪ੍ਰਾਪਤ ਹੈ ਅਤੇ ਯਕ-ਸ਼ੰਬਾਹ (ਐਤਵਾਰ) ਦੋ-ਸ਼ੰਬਾਹ (ਸੋਮਵਾਰ) ਸਹ-ਸ਼ੰਬਾਹ (ਮੰਗਲਵਾਰ) ਆਦਿ ਅਸਲ ਵਿੱਚ ਖਾਸ ਖਾਸ ਨਿਯੁੱਕਤੀਆਂ, ਗੁਣਾਂ ਅਤੇ ਪ੍ਰਭਾਵਾਂ ਕਰਕੇ ਸੂਰਜ ਦੇ ਹੀ ਨਾਂ ਹਨ। ਜੱਦ ਇਹ ਖ਼ਾਸ ਗੁਣ ਬੋਲਣ ਸਮੇਂ ਦਿਲ੍ਹ ਵਿੱਚ ਧਿਆਨ ਵਿੱਚ ਨ ਰੱਖੇ ਜਾਣ ਅਤੇ ਕੇਵਲ ਇਕੱਲ੍ਹੇ ਅਤੇ ਅਰਜ਼ੀ ਦੀ ਹਾਲਤ ਵਿੱਚ ਨਾਂ ਲਿਆ ਜਾਵੇ। ਤੱਦ ਸੂਰਜ ਕਹਿਣਗੇ। ਪਰ ਜੱਦ ਇਸੇ ਸੂਰਜ ਦੇ ਖਾਸ ਖਾਸ ਗੁਣ, ਪ੍ਰਭਾਵ ਅਤੇ ਸਥਾਨ ਦਿਲ੍ਹ ਵਿੱਚ ਚੇਤੇ ਰੱਖ ਕੇ ਬੋਲਣਗੇ ਤਾਂ ਉਸ ਨੂੰ ਕਦੇ ਦਿਨ ਕਹਿਣਗੇ ਅਤੇ ਕਦੇ ਰਾਤ। ਕਦੇ ਉਸ ਦਾ ਨਾਂ ਐਤਵਾਰ

ਹਨ੍ਹੇਰੀ ਰਾਤ ਨਾਲ ਵੀ ਸੰਪੂਰਨ ਮਨੁੱਖ ਨੂੰ ਇੱਕ ਸਮਾਨਤਾ ਹੈ ਕਿ ਉਹ ਅਥਾਹ ਰੋਕ ਅਤੇ ਬ੍ਰਹਮਚਾਰ ਮਗਰੋਂ ਵੀ, ਜੋ ਉਸ ਨੂੰ ਰੱਬ ਵੱਲੋਂ ਪ੍ਰਾਪਤ ਹੈ, ਰੱਬੀ ਹਿਕਮਤ ਅਤੇ ਮਰਜ਼ੀ ਅਨੁਸਾਰ ਆਪਣੇ ਨਫ਼ਸ ਦੀ ਹਨ੍ਹੇਰ ਇੱਛਾਵਾਂ ਵੱਲ੍ਹ ਵੀ ਕਦੇ ਕਦੇ ਆਕ੍ਰਸ਼ਿਤ ਹੋ ਜਾਂਦਾ ਹੈ। ਅਰਥਾਤ ਜੋ ਜੋ ਨਫ਼ਸ ਦੇ ਅਧਿਕਾਰ ਮਨੁੱਖ ਉੱਤੇ ਰੱਖੇ ਗਏ ਹਨ । ਜੋ ਅਧਿਆਤਮਿਕ ਪ੍ਰਕਾਸ਼ ਦੇ ਵਿਰੋਧੀ ਅਤੇ ਖ਼ਿਲਾਫ਼ ਲੱਗਦੇ ਹਨ। ਜਿਵੇਂ ਖਾਣਾ ਪੀਣਾ, ਸੋਨਾ ਅਤੇ ਪਤਨੀ ਦੇ ਅਧਿਕਾਰ ਅਦਾ ਕਰਨਾ ਜਾਂ ਬੱਚਿਆਂ ਵੱਲ੍ਹ ਧਿਆਨ ਕਰਨਾ। ਇਹ ਸਾਰੇ ਅਧਿਕਾਰ ਅਦਾ ਕਰਦਾ ਹੈ ਅਤੇ ਕੁੱਝ ਚਿਰ ਲਈ ਉਸ ਹਨ੍ਹੇਰੇ ਨੂੰ ਆਪਣੇ ਲਈ ਪਸੰਦ ਕਰਦਾ ਹੈ। ਨ ਇਸ ਲਈ ਕਿ ਉਸ ਨੂੰ ਅਸਲ ਵਿੱਚ ਹਨ੍ਹੇਰੇ ਵੱਲ੍ਹ ਝੁਕਾਓ ਹੈ। ਸਗੋਂ ਇਸ ਕਰਕੇ ਕਿ ਜਾਨਣਹਾਰ ਅਤੇ ਕਿਰਪਾਲੂ ਰੱਬ ਉਸ ਨੂੰ ਇਸ ਪਾਸੇ ਧਿਆਨ ਬਖ਼ਸ਼ਦਾ ਹੈ, ਤਾਂ ਅਧਿਆਤਮਿਕ ਦੁੱਖਾਂ ਅਤੇ ਮਹਿਨਤ ਨਾਲ ਕੁੱਝ ਆਰਾਮ ਪਾ ਕੇ ਫ਼ਿਰ ਉਨ੍ਹਾਂ ਔਖੇ ਕਾਰਜਾਂ ਦੇ ਚੁੱਕਣ ਲਈ ਤਿਆਰ ਹੋ ਜਾਵੇ। ਜਿਵੇਂ ਕਿ ਕਿਸੇ ਦਾ ਸ਼ੇਅਰ ਹੈ :

---

ਰੱਖਾਂਗੇ ਅਤੇ ਕਦੇ ਸੋਮਵਾਰ ਅਤੇ ਕਦੇ ਸਾਵਨ ਅਤੇ ਕਦੇ ਭਾਦੋ ਕਦੇ ਅੱਸਵਜ ਕਦੇ ਕਤਕ । ਸੋ, ਇਹ ਸਾਰੇ ਸੂਰਜ ਦੇ ਹੀ ਨਾਂ ਹਨ ਅਤੇ ਮਨੁੱਖੀ ਹਸਤੀ ਵੀ ਵੱਖ ਵੱਖ ਨਿਯੁੱਕਤੀਆਂ ਅਤੇ ਭਿੰਨ੍ਹ ਭਿੰਨ੍ਹ ਸਮਿਆਂ, ਸਥਾਨਾਂ ਅਤੇ ਹਾਲਤਾਂ ਅਨੁਸਾਰ ਵੱਖ ਵੱਖ ਨਾਵਾਂ ਨਾਲ ਸੰਬੋਧਿਤ ਹੋ ਜਾਂਦੇ ਹਨ ਕਦੇ ਪਵਿਤੱਰ ਨਫ਼ਸ ਕਹਾਂਦਾ ਹੈ ਅਤੇ ਕਦੇ ਪਸ਼ੂ ਬਿਰਤੀ ਕਦੇ ਮਨੁੱਖ ਬਿਰਤੀ ਅਤੇ ਕਦੇ ਅਧਿਆਤਮਿਕ ਬਿਰਤੀ । ਸੋ, ਇਸ ਦੇ ਵੀ ਉਨ੍ਹੇ ਹੀ ਨਾਂ ਹਨ। ਜਿਨ੍ਹੇ ਸੂਰਜ ਦੇ ਪਰ ਲੰਮਾ ਹੋਣ ਦੇ ਡਰੋਂ ਇਨ੍ਹਾਂ ਬਿਆਨ ਕਰਨਾ ਬਥੇਰਾ ਸਮਝਿਆ ਗਿਆ।

| | |
|---|---|
| چشم شہباز کاردانانِ شکار | از بہر کشادن ست گر دوختہ اند[1] |

ਸੋ, ਇੰਞ ਹੀ ਇਹ ਸੰਪੂਰਨ ਲੋਕ ਜੱਦ ਅਥਾਹ ਦਰਜੇ ਦੀ ਤਕਲੀਫ਼ ਖ਼ਾਤਰ ਅਤੇ ਸੋਜ਼ ਤੇ ਦੁੱਖ ਦਰਦ ਦੇ ਬੋਲਬਾਲੇ ਸਮੇਂ ਸੰਸਾਰ ਵਿੱਚੋ ਕੁੱਞ ਲਾਭ ਚੁੱਕ ਲੈਂਦੇ ਹਨ ਤਾਂ ਫਿਰ ਕਮਜ਼ੋਰ ਸ਼ਰੀਰ ਉਨ੍ਹਾਂ ਦੀ ਰੂਹ ਦੇ ਸਹਿਯੋਗ ਲਈ ਦੋਹਰੇ ਮਜ਼ਬੂਤ ਅਤੇ ਸ਼ਕਤੀਸ਼ਾਲੀ ਬਣ ਜਾਂਦਾ ਹੈ ਅਤੇ ਇਸ ਓਟ ਕਰਕੇ ਵੱਡੇ ਵੱਡੇ ਅਧਿਆਤਮਿਕ ਪੜ੍ਹਾਅ ਤੈਅ ਕਰ ਜਾਂਦਾ ਹੈ ਅਤੇ ਇਸ ਤੋਂ ਬਿਨ੍ਹਾਂ ਮਨੁੱਖੀ ਰੂਹ ਵਿੱਚ ਰਾਤ ਦੀਆਂ ਹੋਰ ਸੁਖ਼ਮ ਖੂਬੀਆਂ ਵੀ ਪਾਈਆਂ ਜਾਂਦੀਆਂ ਹਨ। ਜਿਨ੍ਹਾਂ ਨੂੰ ਖਗੋਲ ਵਿਗਿਆਨ, ਜੋਤਿਸ਼ ਮਾਨਵ ਵਿਗਿਆਨ ਅਤੇ ਭੌਤਿਕ ਵਿਗਿਆਨ ਦੀ ਡੂੰਘੀ ਨਜ਼ਰ ਨਾਲ ਲੱਭਿਆ ਗਿਆ ਹੈ। ਇੰਞ ਹੀ ਸੰਪੂਰਨ ਮਨੁੱਖ ਦੀ ਰੂਹ ਨੂੰ ਆਕਾਸ਼ ਤੋਂ ਵੀ ਸਮਾਨਤਾ ਹੈ। ਮਿਸਾਲ ਲਈ ਜਿਵੇਂ ਆਕਾਸ਼ ਦਾ ਪੋਲ ਇਨ੍ਹਾ ਵਿਆਪਕ ਅਤੇ ਖੁੱਲਾ ਹੈ ਕਿ ਕਿਸੇ ਚੀਜ਼ ਨਾਲ ਭਰ ਨਹੀਂ ਸਕਦਾ। ਇੰਞ ਹੀ ਇਹਨਾਂ ਬਜ਼ੁਰਗਾਂ ਦੇ ਨਫ਼ਸ ਵਿੱਚ ਤਰਕਸ਼ੀਲ ਟੀਚਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ ਅਤੇ ਹਜ਼ਾਰਾਂ ਗਿਆਨ ਅਤੇ ਤੱਥ ਪ੍ਰਾਪਤ ਕਰਨ ਦੇ ਬਾਦ ਫ਼ਿਰ ਵੀ ਮਾ ਅਰਫ਼ਨਾਕਾ[2] ਦਾ ਨਾਰਾ ਮਾਰਦਾ ਹੀ ਰਹਿੰਦਾ ਹੈ ਅਤੇ ਜਿਵੇਂ ਆਕਾਸ਼ ਦਾ ਪੋਲ ਰੌਸ਼ਨ ਸਿਤਾਰੀਆਂ ਨਾਲ ਭਰੀਆ ਹੈ। ਇੰਞ ਹੀ ਬਹੁਤ ਰੌਸ਼ਨ ਸ਼ਕਤੀਆਂ

[1] ਚਸ਼ਮ ਸ਼ਹਬਾਜ਼ ਕਾਰ ਦਾਨਾਨੇ ਸ਼ਿਕਾਰ ਅਜ਼ ਬਹਰ ਕੁਸ਼ਾਦਨ ਸੱਤ ਗਰ ਦੋਖ਼ਤਾਹ ਅੰਦ
ਅਨੁਵਾਦ : ਬਾਜ਼ ਦੀ ਅੱਖ ਸ਼ਿਕਾਰ ਉੱਤੇ ਲੱਗੀ ਹੈ। ਉਹ ਵੇਖਣ ਲਈ ਹੈ। ਜੱਦਕਿ ਉਹ ਬੰਦ ਹੈ--ਅਨੁਵਾਦਕ

[2] ਅਸੀਂ ਤੈਨੂੰ ਨਹੀਂ ਪਛਾਣਦੇ ਅਨੁਵਾਦਕ

ਉਸ ਵਿੱਚ ਵੀ ਰੱਖੀਆਂ ਗਈਆਂ ਹਨ ਕਿ ਜੋ ਆਕਾਸ਼ ਦੇ ਸਿਤਾਰੀਆਂ ਵਾਂਗ ਚਮਕਦੇ ਹੋਏ ਵਿਖਾਈ ਦਿੰਦੇ ਹਨ । ਇੰਝ ਹੀ ਸੰਪੂਰਨ ਮਨੁੱਖ ਦੀ ਰੂਹ ਨੂੰ ਜ਼ਮੀਨ ਨਾਲ ਵੀ ਪੂਰਨ ਸਮਾਨਤਾ ਹੈ । ਅਰਥਾਤ ਜਿਵੇਂ ਕਿ ਸ਼ਾਨਦਾਰ ਅਤੇ ਪਹਿਲੇ ਦਰਜੇ ਦੀ ਜ਼ਮੀਨ, ਇਹ ਖ਼ੂਬੀ ਰੱਖਦੀ ਹੈ ਕਿ ਜੱਦ ਉਸ ਵਿੱਚ ਬੀਜ ਲਾਇਆ ਜਾਵੇ ਅਤੇ ਫ਼ਿਰ ਖ਼ੂਬ ਕਲਬਰਾਣੀ ਅਤੇ ਸਿੰਚਾਈ ਹੋਵੇ ਅਤੇ ਸਾਰੀ ਮਿਹਨਤ ਖੇਤੀਬਾੜ੍ਹੀ ਦੀ ਉਸ ਉੱਤੇ ਲਾਈ ਜਾਵੇ, ਤਾਂ ਉਹ ਦੂਜੀ ਜ਼ਮੀਨਾਂ ਦੀ ਤੁਲਣਾ ਹਜ਼ਾਰ ਵਾਰ ਵੱਧ ਫ਼ੱਲ੍ਹ ਲਾਉਂਦੀ ਹੈ ਅਤੇ ਉਸ ਦਾ ਫ਼ੱਲ੍ਹ ਹੋਰ ਫੱਲ੍ਹਾਂ ਦੀ ਤੁਲਣਾ ਬਹੁਤ ਚੰਗਾ, ਮਿੱਠਾ, ਸੁਆਦੀ ਅਤੇ ਆਪਣੀ ਗਿਣਤੀ ਮਿਣਤੀ ਵਿੱਚ ਬਹੁਤ ਵੱਧ ਹੁੰਦਾ ਹੈ । ਇੰਝ ਹੀ ਸੰਪੂਰਨ ਮਨੁੱਖ ਦੇ ਨਫ਼ਸ ਦਾ ਹਾਲ ਹੈ ਕਿ ਰੱਬੀ ਹੁਕਮਾਂ ਨਾਲ ਅਜੀਬ ਸਰਸਬਜ਼ੀ ਲੈ ਕੇ ਉਸ ਦੇ ਚੰਗੇ ਕਰਮਾਂ ਦੇ ਪੌਦੇ ਉੱਗਦੇ ਹਨ ਅਤੇ ਅਜਿਹੇ ਸ਼ਾਨਦਾਰ ਅਤੇ ਬਹੁਤ ਮਿੱਠੇ ਉਸ ਦੇ ਫ਼ੱਲ੍ਹ ਹੁੰਦੇ ਹਨ ਕਿ ਹਰ ਇੱਕ ਵੇਖਣ ਵਾਲੇ ਨੂੰ ਰੱਬ ਦੀ ਪਾਕ ਕੁਦਰਤ ਯਾਦ ਆ ਕੇ ਸੁਬਹਾਨ ਅੱਲਾਹ ਸੁਬਹਾਨ ਅੱਲਾਹ ਕਹਿਣਾ ਪੈਂਦਾ ਹੈ । ਸੋ, ਇਹ ਆਇਤ وَنَفۡسٍ وَّمَا سَوّٰىهَا[1] ਸਪੱਸ਼ਟ ਦੱਸ ਰਹੀ ਹੈ ਕਿ ਸੰਪੂਰਨ ਮਨੁੱਖ ਆਪਣੇ ਅਰਥਾਂ ਅਤੇ ਹਾਲਤਾਂ ਅਨੁਸਾਰ ਇੱਕ ਗਿਆਨੀ ਹੈ ਅਤੇ ਰੱਬ ਦੇ ਸਾਰੇ ਗੁਣ ਅਤੇ ਖ਼ੂਬੀਆਂ ਸੋਹਣੇ ਰੂਪ ਵਿੱਚ ਆਪਣੇ ਅੰਦਰ ਜਮ੍ਹਾ ਰੱਖਦਾ ਹੈ । ਜਿਵੇਂ ਕਿ ਰੱਬ ਨੇ ਸੂਰਜ ਦੇ ਗੁਣਾਂ

[1] ਅਸ਼ੱਮਸ : 08

ਤੋਂ ਸ਼ੁਰੂ ਕਰਕੇ ਜ਼ਮੀਨ ਤੱਕ ਜੋ ਸਾਡੇ ਰਹਿਣ ਦੀ ਥਾਂ ਹੈ। ਸਾਰੀਆਂ ਚੀਜ਼ਾਂ ਦੀਆਂ ਖ਼ੂਬੀਆਂ ਇਸ਼ਾਰੀਆਂ ਵੱਜੋਂ ਬਿਆਨ ਕੀਤੀਆਂ। ਅਰਥਾਤ ਕਸਮਾਂ ਵੱਜੋਂ ਉਨ੍ਹਾਂ ਦੀ ਚਰਚਾ ਕੀਤੀ। ਮਗਰੋਂ ਸੰਪੂਰਨ ਮਨੁੱਖ ਦੀ ਰੂਹ ਦੀ ਚਰਚਾ ਕੀਤੀ ਤਾਂ ਪਤਾ ਲੱਗੇ ਕਿ ਸੰਪੂਰਨ ਮਨੁੱਖ ਦੀ ਰੂਹ ਉਨ੍ਹਾਂ ਸਾਰੇ ਵੱਖੋ ਵੱਖ ਕਮਾਲਾਂ ਦਾ ਵਿਆਪਕ ਹੈ। ਜੋ ਪਹਿਲੀਆਂ ਚੀਜਾਂ ਵਿੱਚ, ਜਿਨ੍ਹਾਂ ਦੀ ਸਹੁੰ ਖਾਦੀ ਗਈ, ਵੱਖੋ ਵੱਖ ਰੂਪਾਂ ਵਿੱਚ ਪਾਈਆਂ ਜਾਂਦੀਆਂ ਹਨ। ਅਤੇ ਜੇਕਰ ਇਹ ਕਿਹਾ ਜਾਵੇ ਕਿ ਰੱਬ ਨੇ ਉਨ੍ਹਾਂ ਚੀਜਾਂ ਦੀ ਜੋ ਉਸ ਦੀ ਹਸਤੀ ਦੇ ਮੁਕਾਬਲੇ ਉੱਤੇ ਬੇਆਧਾਰ ਅਤੇ ਘੱਟ ਹਨ। ਕਿਉਂ ਸਹੁੰ ਖਾਦੀ ਤਾਂ ਇਸ ਦਾ ਉੱਤਰ ਇਹ ਹੈ ਕਿ ਸੰਪੂਰਨ ਕੁਰਆਨ ਸ਼ਰੀਫ ਵਿੱਚ ਇਹ ਇੱਕ ਆਮ ਆਦਤ ਅਤੇ ਰੱਬੀ ਸੁਨੰਤ ਹੈ ਕਿ ਉਹ ਕੁੱਝ ਸਿਧਾਂਤਕ ਮਾਮਲਿਆਂ ਦੀ ਵੈਧਤਾ ਲਈ ਅਜਿਹੇ ਮਾਮਲੀਆਂ ਦਾ ਹਵਾਲਾ ਦਿੰਦਾ ਹੈ। ਜੋ ਆਪਣੇ ਗੁਣਾਂ ਦੇ ਪ੍ਰਕਟ ਅਤੇ ਖੁੱਲ੍ਹੀ ਨਜ਼ਰ ਅਤੇ ਸਪੱਸ਼ਟ ਪ੍ਰਮਾਣ ਰੱਖਦੇ ਹਨ। ਜਿਵੇਂ ਕਿ ਉਸ ਵਿੱਚ ਕਿਸੇ ਨੂੰ ਵੀ ਸ਼ੱਕ ਨਹੀਂ ਹੋ ਸਕਦਾ ਕਿ ਸੂਰਜ ਮੌਜੂਦ ਹੈ ਅਤੇ ਉਸ ਦੀ ਧੁੱਪ ਵੀ ਹੈ। ਅਤੇ ਚੰਨ ਮੌਜੂਦ ਹੈ ਅਤੇ ਉਹ ਸੂਰਜ ਤੋਂ ਨੂਰ ਪ੍ਰਾਪਤ ਕਰਦਾ ਹੈ। ਅਤੇ ਰੌਸ਼ਨ ਦਿਨ ਵੀ ਸਾਰੀਆਂ ਨੂੰ ਨਜ਼ਰ ਆਉਂਦਾ ਹੈ ਅਤੇ ਰਾਤ ਵੀ ਸਾਰੀਆਂ ਨੂੰ ਵਿਖਾਈ ਦਿੰਦੀ ਹੈ। ਅਤੇ ਆਕਾਸ਼ ਦਾ ਪੋਲ ਵੀ ਸਾਰੀਆਂ ਦੀ ਨਜ਼ਰ ਦੇ ਸਾਮ੍ਹਣੇ ਹੈ ਅਤੇ ਜ਼ਮੀਨ ਤਾਂ ਆਪ ਮਨੁੱਖ ਦੇ ਰਹਿਣ ਦੀ ਥਾਂ ਹੈ। ਹੁਣ ਕਿਉਂਕਿ ਇਹ ਸਾਰੀਆਂ

ਚੀਜ਼ਾਂ ਆਪਣੀ ਆਪਣੀ ਖੁੱਲ੍ਹੀ ਖੁੱਲ੍ਹੀ ਹਸਤੀ ਅਤੇ ਖੁੱਲੀਆਂ ਖੁੱਲੀਆਂ ਖ਼ੂਬੀਆਂ ਰੱਖਦੀਆਂ ਹਨ । ਜਿਨ੍ਹਾਂ ਵਿੱਚ ਕਿਸੇ ਨੂੰ ਸ਼ੱਕ ਨਹੀਂ ਹੋ ਸਕਦਾ ਅਤੇ ਨਫ਼ਸ ਮਨੁੱਖ ਦੀ ਅਜਿਹੀ ਛੁਪੀ ਹੋਈ ਅਤੇ ਨਜ਼ਰੀ ਚੀਜ਼ ਹੈ ਕਿ ਆਪ ਉਸ ਦੀ ਹੋਂਦ ਵਿੱਚ ਹੀ ਕਈ ਸੌ ਝੱਗੜ੍ਹੇ ਪੈਦਾ ਹੋ ਰਹੇ ਹਨ । ਬਥੇਰੇ ਸੰਪਰਦਾਏ ਅਜਿਹੇ ਹਨ ਕਿ ਉਹ ਇਸ ਗੱਲ੍ਹ ਨੂੰ ਮੰਨਦੇ ਹੀ ਨਹੀਂ ਕਿ ਰੂਹ ਅਰਥਾਤ ਮਨੁੱਖੀ ਰੂਹ ਵੀ ਕੋਈ ਸਥਾਈ ਅਤੇ ਆਪਣੇ ਆਪ ਕਾਇਮ ਚੀਜ਼ ਹੈ । ਜੋ ਸ਼ਰੀਰ ਦੇ ਵਿਛੋੜ੍ਹੇ ਪਿੱਛੋਂ ਹਮੇਸ਼ਾ ਕਾਇਮ ਰਹਿ ਸਕਦੀ ਹੈ ਅਤੇ ਜੋ ਕੁੱਝ ਲੋਕ ਰੂਹ ਦੀ ਹਸਤੀ ਅਤੇ ਉਸ ਦੀ ਹੋਂਦ ਅਤੇ ਸਥਿੱਰਤਾ ਦੇ ਵਿਸ਼ਵਾਸੀ ਹਨ । ਉਹ ਵੀ ਉਸ ਦੀ ਅੰਦਰੂਨੀ ਪ੍ਰਤਿਭਾ ਦੀ ਉਹ ਕਦਰ ਨਹੀਂ ਕਰਦੇ । ਜੋ ਕਰਨੀ ਚਾਹੀਦੀ ਹੈ । ਸਗੋਂ ਕੁੱਝ ਤਾਂ ਇਹੋ ਸਮਝ ਬੈਠੇ ਹਨ ਕਿ ਅਸੀਂ ਇਸੇ ਲਈ ਸੰਸਾਰ ਵਿੱਚ ਆਏ ਹਨ ਕਿ ਜਾਨਵਰਾਂ ਵਾਂਗ ਖਾਣ ਪੀਣ ਅਤੇ ਸ਼ਰੀਰਕ ਅਨੰਦਾਂ ਵਿੱਚ ਜੀਵਨ ਬਤੀਤ ਕਰਨ । ਉਹ ਇਸ ਗੱਲ੍ਹ ਨੂੰ ਜਾਣਦੇ ਵੀ ਨਹੀਂ ਕਿ ਮਨੁੱਖੀ ਰੂਹ ਕਿੰਨ੍ਹੀਆਂ ਉੱਚਤਮ ਤਾਕਤਾਂ ਅਤੇ ਸ਼ਕਤੀਆਂ ਆਪਣੇ ਅੰਦਰ ਰੱਖਦੀਆਂ ਹਨ ਅਤੇ ਜੇਕਰ ਉਹ ਸੰਪੂਰਨਤਾ ਕਮਾਉਣ ਵੱਲ੍ਹ ਪ੍ਰਭਾਵਿਤ ਹੋਣ ਤਾਂ ਕਿਵੇਂ ਥੋੜ੍ਹੇ ਜਿਹੇ ਸਮੇਂ ਵਿੱਚ ਸਾਰੇ ਸੰਸਾਰ ਦੇ ਫੁੱਟਕਲ ਕਮਾਲਾਂ, ਗੁਣਾਂ ਅਤੇ ਕਿਸਮਾਂ ਉੱਤੇ ਇੱਕ ਚੱਕਰ ਵਾਂਗ ਘੇਰਾ ਕਰ ਸਕਦਾ ਹੈ । ਸੋ, ਰੱਬ ਨੇ ਇਸ ਪਵਿੱਤਰ ਸੂਰਤ[1] ਵਿੱਚ

---

[1] ਅਰਥਾਤ ਸੂਰਤ ਅੱਸ਼ਮਸ ਅਨੁਵਾਦਕ

ਮਨੁੱਖੀ ਰੂਹ ਅਤੇ ਫਿਰ ਉਸ ਦੇ ਬਥੇਰੇ ਉੱਚਤਮ ਗੁਣਾਂ ਦਾ ਸਬੂਤ ਦਿੱਤਾ। ਸੋ, ਪਹਿਲਾਂ ਉਸ ਨੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰਨ ਲਈ ਸੂਰਜ ਅਤੇ ਚੰਨ ਆਦਿ ਚੀਜਾਂ ਦੇ ਫੁੱਟਕਲ ਗੁਣ ਬਿਆਨ ਕਰਕੇ ਫਿਰ ਮਨੁੱਖੀ ਰੂਹ ਵੱਲ੍ਹ ਸੰਕੇਤ ਕੀਤਾ ਕਿ ਉਹ ਇਨ੍ਹਾਂ ਸਾਰੀਆਂ ਫੁੱਟਕਲ ਸੰਪੂਰਨਤਾਵਾਂ ਦਾ ਵਿਆਪਕ ਹੈ। ਅਤੇ ਜਿਸ ਹਾਲਤ ਵਿੱਚ ਰੂਹ ਵਿੱਚ ਅਜਿਹੇ ਉੱਚਤਮ ਗੁਣਾਂ ਦੀਆਂ ਵਿਸ਼ੇਸ਼ਤਾਵਾਂ ਸੰਪੂਰਨ ਮੌਜੂਦ ਹਨ। ਜੋ ਕਿ ਆਕਾਸ਼ੀ ਅਤੇ ਜ਼ਮੀਨੀ ਕਣਾਂ ਵਿੱਚ ਵੱਖੋ ਵੱਖ ਰੂਪ ਵਿੱਚ ਪਾਏ ਜਾਂਦੇ ਹਨ, ਤਾਂ ਵੱਡੀ ਗ਼ਲਤੀ ਹੋਵੇਗੀ ਕਿ ਅਜਿਹੇ ਮਹਾਨ ਅਤੇ ਵੱਖੋ ਵੱਖ ਸੰਯੁਕਤ ਸੰਪੂਰਨਤਾਵਾਂ ਦੀ ਤੁਲਣਾ ਇਹ ਵਿਚਾਰ ਰੱਖਿਆ ਜਾਵੇ ਕਿ ਉਹ ਕੁੱਝ ਵੀ ਚੀਜ਼ ਨਹੀਂ। ਜੋ ਮੌਤ ਦੇ ਬਾਦ ਬਾਕੀ ਰਹਿ ਸਕੇ। ਅਰਥਾਤ ਜੱਦ ਕਿ ਇਹ ਸਾਰੀਆਂ ਖ਼ੂਬੀਆਂ ਜੋ ਇਨ੍ਹਾਂ ਦ੍ਰਿਸ਼ਟਮਾਨ ਅਤੇ ਮਹਿਸੂਸ ਚੀਜ਼ਾਂ ਵਿੱਚ ਹਨ। ਜਿਨ੍ਹਾਂ ਦੀ ਸਥਾਈ ਹਸਤੀ ਮੰਨਣ ਵਿੱਚ ਤੁਹਾਨੂੰ ਕੋਈ ਆਪੱਤੀ ਨਹੀਂ। ਇੱਥੋਂ ਤੱਕ ਕਿ ਇੱਕ ਅੰਨ੍ਹਾ ਵੀ ਧੁੱਪ ਦਾ ਅਹਿਸਾਸ ਕਰਕੇ ਸੂਰਜ ਦੀ ਹਸਤੀ ਦਾ ਵਿਸ਼ਵਾਸ ਰੱਖਦਾ ਹੈ। ਮਨੁੱਖੀ ਨਫ਼ਸ ਵਿੱਚ ਉਹ ਸਾਰੇ ਇੱਕਠੇ ਮੌਜੂਦ ਹਨ ਤਾਂ ਨਫ਼ਸ ਦੀ ਸਥਾਈ ਅਤੇ ਸਵੈ ਹੋਂਦ ਵਿੱਚ ਤੁਹਾਨੂੰ ਕੀ ਸ਼ੱਕ ਬਾਕੀ ਹੈ। ਕੀ ਸੰਭਵ ਹੈ ਕਿ ਜੋ ਚੀਜ਼ ਆਪਣੇ ਆਪ ਵਿੱਚ ਕੁੱਝ ਵੀ ਨਹੀਂ। ਉਹ ਸਾਰੀਆਂ ਸਵੈ ਮੌਜੂਦ ਚੀਜ਼ਾਂ ਦੇ ਗੁਣ ਜਮ੍ਹਾਂ ਰੱਖਦੀ ਹੋਵੇ ਅਤੇ ਇੱਥੇ ਸਹੁੰ ਖਾਣ ਨੂੰ ਇਸ ਕਰਕੇ ਰੱਬ ਨੇ ਪਸੰਦ ਕੀਤਾ ਹੈ ਕਿ ਸਹੁੰ ਗਵਾਹੀ ਵਾਂਗ ਹੁੰਦੀ

ਹੈ। ਇਸੇ ਕਰਕੇ ਸ਼ਾਸਕ ਵੀ ਜੱਦ ਦੂਜੇ ਗਵਾਹ ਮੌਜੂਦ ਨ ਹੋਣ ਤਾਂ ਸਹੁੰ ਉੱਤੇ ਨਿਰਭਰ ਕਰਦੇ ਹਨ ਅਤੇ ਇੱਕ ਵਾਰ ਦੀ ਸਹੁੰ ਨਾਲ ਉਹ ਲਾਭ ਚੁੱਕ ਲੈਂਦੇ ਹਨ। ਜੋ ਘੱਟੋ ਘੱਟ ਦੋ ਗਵਾਹਾਂ ਨਾਲ ਚੁੱਕ ਸਕਦੇ ਹਨ। ਸੋ, ਕਿਉਂਕਿ ਬੌਧਿਕ, ਰਹਸੱਵਾਦੀ, ਕਾਨੂੰਨ ਅਤੇ ਸ਼ਰੀਅਤ ਅਨੁਸਾਰ ਸਹੁੰ ਨੂੰ ਗਵਾਹ ਵੱਜੋਂ ਮੰਨਿਆ ਜਾਂਦਾ ਹੈ। ਇਸੇ ਲਈ ਇਸੇ ਆਧਾਰ ਉੱਤੇ ਰੱਬ ਨੇ ਇੱਥੇ ਗਵਾਹ ਵੱਜੋਂ ਇਸ ਨੂੰ ਠਹਿਰਾ ਦਿੱਤਾ। ਉਸ ਰੱਬ ਦਾ ਇਹ ਕਹਿਣਾ ਕਿ ਸਹੁੰ ਹੈ ਸੂਰਜ ਦੀ ਅਤੇ ਉਸ ਦੀ ਧੁੱਪ ਦੀ। ਅਸਲ ਵਿੱਚ ਇਹ ਭਾਵ ਰੱਖਦਾ ਹੈ ਕਿ ਸੂਰਜ ਅਤੇ ਉਸ ਦੀ ਧੁੱਪ ਇਹ ਦੋਵੇਂ ਮਨੁੱਖੀ ਨਫ਼ਸ ਦੇ ਸਵੈ ਮੌਜੂਦ ਅਤੇ ਸਵੈ ਸਥਾਪਿਤ ਹੋਣ ਦੇ ਗਵਾਹ ਹਨ। ਕਿਉਂਕਿ ਸੂਰਜ ਵਿੱਚ ਜੋ ਗਰਮੀ ਅਤੇ ਰੌਸ਼ਨੀ ਆਦਿ ਦੇ ਗੁਣ ਪਾਏ ਜਾਂਦੇ ਹਨ। ਇਹੋ ਗੁਣ ਮਨੁੱਖੀ ਨਫ਼ਸ ਵਿੱਚ ਵੀ ਮੌਜੂਦ ਹਨ। ਮੁਕਾਸ਼ਫ਼ਾਤ[1] ਦੀ ਰੌਸ਼ਨੀ ਅਤੇ ਧਿਆਨ ਦੀ ਨਿੱਘ। ਜੋ ਸੰਪੂਰਨ ਨਫ਼ਸਾਂ ਵਿੱਚ ਪਾਈਆਂ ਜਾਂਦੀਆਂ ਹਨ। ਉਸ ਦੇ ਅਚੰਭੇ ਸੂਰਜ ਦੀ ਗਰਮੀ ਅਤੇ ਰੌਸ਼ਨੀ ਤੋਂ ਕਿੱਥੇ ਵੱਧ ਹਨ। ਸੋ, ਜੱਦ ਕਿ ਸੂਰਜ ਆਪਣੇ ਆਪ ਹੈ ਤਾਂ ਜੋ ਗੁਣਾਂ ਵਿੱਚ ਉਸ ਦੇ ਸਮਾਨ ਅਤੇ ਬਰਾਬਰ ਹੈ, ਸਗੋਂ ਉਸ ਨਾਲੋਂ ਵੱਧ ਕੇ। ਅਰਥਾਤ ਮਨੁੱਖੀ ਨਫ਼ਸ, ਉਹ ਕਿਉਂ ਆਪਣੇ ਆਪ ਮੌਜੂਦ ਨਹੀਂ ਹੋਵੇਗਾ। ਇੰਞ ਹੀ ਰੱਬ ਦਾ ਇਹ ਕਹਿਣਾ ਕਿ ਸਹੁੰ ਹੈ ਚੰਨ ਦੀ ਜੱਦ ਉਹ ਸੂਰਜ ਦੇ ਪਿੱਛੇ ਤੁਰੇ।

[1] ਸੱਚੇ ਸੁਪਨੇ ਅਨੁਵਾਦਕ

ਇਸ ਦਾ ਭਾਵ ਇਹ ਹੈ ਕਿ ਚੰਨ ਆਪਣੇ ਇਸ ਗੁਣ ਨਾਲ ਕਿ ਉਹ ਸੂਰਜ ਤੋਂ ਲਾਭ ਵੱਜੋਂ ਪ੍ਰਕਾਸ਼ ਪ੍ਰਾਪਤ ਕਰਦਾ ਹੈ। ਮਨੁੱਖੀ ਨਫ਼ਸ ਦੇ ਸਵੈ ਮੌਜੂਦ ਅਤੇ ਸਵੈ ਸਥਾਪਿਤ ਗਵਾਹ ਹਨ। ਕਿਉਂਕਿ ਜਿਵੇਂ ਚੰਨ ਸੂਰਜ ਤੋਂ ਪ੍ਰਕਾਸ਼ ਪ੍ਰਾਪਤ ਕਰਦਾ ਹੈ। ਇੰਝ ਹੀ ਮਨੁੱਖ ਦਾ ਨਫ਼ਸ ਜੋ ਤਤਪਰ ਅਤੇ ਸੱਚ ਦਾ ਜਾਚਕ ਹੈ। ਇੱਕ ਦੂਜੇ ਸੰਪੂਰਨ ਮਨੁੱਖ ਦੇ ਪਿੱਛੇ ਚੱਲ੍ਹ ਕੇ ਉਸ ਦੇ ਨੂਰ ਵਿੱਚੋਂ ਲੈ ਲੈਂਦਾ ਹੈ ਅਤੇ ਉਸ ਦੀ ਅੰਦਰੂਨੀ ਕਿਰਪਾ ਨਾਲ ਪ੍ਰਕਾਸ਼ਮਾਨ ਹੋ ਜਾਂਦਾ ਹੈ। ਸਗੋਂ ਚੰਨ ਤੋਂ ਵੱਧ ਨੂਰ ਖਿੱਚਦਾ ਹੈ। ਕਿਉਂਕਿ ਚੰਨ ਤਾਂ ਨੂਰ ਨੂੰ ਪ੍ਰਾਪਤ ਕਰਕੇ ਫਿਰ ਛੱਡ ਵੀ ਦਿੰਦਾ ਹੈ। ਪਰ ਇਹ ਕਦੇ ਨਹੀਂ ਛੱਡਦਾ। ਸੋ, ਜੱਦ ਕਿ ਰੌਸ਼ਨੀ ਦੀ ਵਰਤੋਂ ਵਿੱਚ ਇਹ ਚੰਨ ਦਾ ਪ੍ਰਮੁੱਖ ਸਾਥੀ ਹੈ ਅਤੇ ਦੂਜੇ ਸਾਰੇ ਗੁਣ ਅਤੇ ਖ਼ੂਬੀਆਂ ਚੰਨ ਦੀਆਂ ਆਪਣੇ ਅੰਦਰ ਰੱਖਦਾ ਹੈ ਤਾਂ ਫਿਰ ਕਿਉਂ ਚੰਨ ਨੂੰ ਤਾਂ ਸਵੈ ਮੌਜੂਦ ਅਤੇ ਸਵੈ ਸਥਾਪਿਤ ਮੰਨਿਆ ਜਾਵੇ। ਪਰ ਮਨੁੱਖੀ ਨਫ਼ਸ ਦੇ ਸਥਾਈ ਰੂਪ ਵਿੱਚ ਮੌਜੂਦ ਹੋਣ ਤੋਂ ਬਿਲਕੁੱਲ ਇੰਨਕਾਰ ਕੀਤਾ ਜਾਵੇ। ਸੋ, ਇੰਝ ਹੀ ਰੱਬ ਨੇ ਉਨ੍ਹਾਂ ਸਾਰੀਆਂ ਚੀਜ਼ਾਂ ਨੂੰ ਜਿਨ੍ਹਾਂ ਦੀ ਚਰਚਾ ਮਨੁੱਖੀ ਨਫ਼ਸ ਦੀ ਪਹਿਲਾਂ ਸਹੁੰ ਚੁੱਕ ਕੇ ਕੀਤੀ ਗਈ ਹੈ ਆਪਣੇ ਗੁਣਾਂ ਅਨੁਸਾਰ ਪ੍ਰਮਾਣ ਅਤੇ ਸਪਸ਼ੱਟ ਗਵਾਹ ਘੋਸ਼ਿਤ ਕਰਕੇ ਇਸ ਗੱਲ੍ਹ ਵੱਲ੍ਹ ਧਿਆਨ ਦਿੱਤਾ ਹੈ ਕਿ ਮਨੁੱਖੀ ਨਫ਼ਸ ਵਾਸਤਵ ਵਿੱਚ ਮੌਜੂਦ ਹੈ ਅਤੇ ਇੰਝ ਹੀ ਹਰ ਇੱਕ ਥਾਂ ਉੱਤੇ ਜੋ ਕੁਰਆਨ ਸ਼ਰੀਫ ਵਿੱਚ ਕੁੱਝ ਕੁੱਝ ਚੀਜ਼ਾਂ ਦੀ ਸਹੁੰ ਖਾਦੀ ਹੈ। ਉਨ੍ਹਾਂ ਸਹੁੰਆਂ ਨਾਲ ਹਰ

ਥਾਂ ਇਹੋ ਮੰਤਵ ਅਤੇ ਉਦੇਸ਼ ਹੈ ਕਿ ਤਾਂ ਪ੍ਰਕਟ ਕਾਰਜਾਂ ਨੂੰ ਗੁਪਤ ਭੇਦਾ ਲਈ ਜੋ ਉਨ੍ਹਾਂ ਦੇ ਅਨੁਸਾਰੀ ਹਨ। ਪ੍ਰਮਾਣ ਵੱਜੋਂ ਪੈਸ਼ ਕੀਤਾ ਜਾਵੇ। ਪਰ ਇੱਥੇ ਇਹ ਸਵਾਲ ਹੋਵੇਗਾ ਕਿ ਜੋ ਮਨੁੱਖੀ ਨਫ਼ਸ ਦੇ ਆਪਣੇ ਆਪ ਹੋਣ ਲਈ ਪ੍ਰਮਾਣਾਂ ਵੱਜੋਂ ਪੇਸ਼ ਕੀਤੇ ਗਏ ਹਨ। ਉਨ੍ਹਾਂ ਸਬੂਤਾਂ ਦੇ ਗੁਣ ਸਪਸ਼ੱਟ ਰੂਪ ਵਿੱਚ ਮਨੁੱਖੀ ਨਫ਼ਸਾਂ ਵਿੱਚ ਕਿੱਥੋਂ ਪਾਏ ਜਾਂਦੇ ਹਨ ਅਤੇ ਇਸ ਦਾ ਪ੍ਰਮਾਣ ਕੀ ਹੈ ਕਿ ਪਾਏ ਜਾਂਦੇ ਹਨ। ਇਹ ਭੁਲੇਖਾ ਦੂਰ ਕਰਨ ਲਈ ਰੱਬ ਉਸ ਮਗਰੋਂ ਫ਼ਰਮਾਉਂਦਾ ਹੈ :

فَأَلْهَمَهَا فُجُورَهَا وَتَقْوَاهَا ۔ قَدْ أَفْلَحَ مَن زَكَّاهَا ۔ وَقَدْ خَابَ مَن دَسَّاهَا[1]

ਅਰਥਾਤ ਰੱਬ ਨੇ ਮਨੁੱਖੀ ਜਿੰਦ ਨੂੰ ਪੈਦਾ ਕਰਕੇ ਹਨ੍ਹੇਰੇ ਤੇ ਪ੍ਰਕਾਸ਼ ਅਤੇ ਉਜਾੜ੍ਹ ਤੇ ਖੁਸ਼ਹਾਲੀ ਦੇ ਦੋਵੇਂ ਰਾਹ ਉਸ ਲਈ ਖੋਲ੍ਹ ਦਿੱਤੇ । ਜੋ ਮਨੁੱਖ ਹਨ੍ਹੇਰੇ ਅਤੇ ਫ਼ਜੂਰ ਅਰਥਾਤ ਵਿਭਚਾਰ ਦੀ ਰਾਹਾਂ ਉੱਤੇ ਤੁਰੇ ਤਾਂ ਉਸ ਨੂੰ ਉਨ੍ਹਾਂ ਰਾਹਾਂ ਵਿੱਚ ਤਰੱਕੀ ਦੇ ਕਮਾਲ ਦਰਜੇ ਤੱਕ ਪਹੁੰਚਾਇਆ ਜਾਂਦਾ ਹੈ। ਇੱਥੇ ਤੱਕ ਕਿ ਹਨ੍ਹੇਰੀ ਰਾਤ ਨਾਲ ਉਸ ਦੀ ਵੱਡੀ ਸਮਾਨਤਾ ਹੋ ਜਾਂਦੀ ਹੈ ਅਤੇ ਇੰਨਕਾਰ, ਵਿਭਚਾਰ ਅਤੇ ਹਨ੍ਹੇਰੇ ਨਾਲ ਭਰੇ ਵਿਚਾਰਾਂ ਨੂੰ ਛੱਡ ਕੇ ਕਿਸੇ ਹੋਰ ਚੀਜ਼ ਵਿੱਚ ਉਸ ਨੂੰ ਆਨੰਦ

[1] ਉਸ (ਰੱਬ) ਨੇ (ਜਿੰਦ) ਉੱਤੇ ਉਸ ਦੀ ਕੁਦਰਤ (ਦੇ ਮਾਰਗ ਨੂੰ ਵੀ) ਅਤੇ ਉਸ ਦੀ ਸੰਜਮਤਾ (ਦੇ ਮਾਰਗ) ਨੂੰ ਵੀ ਚੰਗੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੈ। ਸੋ, ਜਿਸ ਨੇ ਇਸ (ਜਿੰਦ) ਨੂੰ ਪਵਿੱਤਰ ਕਰ ਲਿਆ ਹੈ। ਸਮਝ ਲਓ ਕਿ ਉਸ ਨੇ ਆਪਣਾ ਮਨੋਰਥ ਸਿੱਧ ਕਰ ਲਿਆ ਹੈ। ਅਤੇ ਜਿਸ ਨੇ ਇਸ ਨੂੰ (ਮਿੱਟੀ ਵਿੱਚ) ਦੱਬ ਦਿੱਤਾ ਹੈ (ਸਮਝ ਲਓ ਕਿ) ਉਹ ਨਿਸਫਲ ਹੋ ਗਿਆ ਹੈ।

(ਇਹ ਅਨੁਵਾਦ ਤਫ਼ਸੀਰ-ਏ-ਸਗ਼ੀਰ (ਪੰਜਾਬੀ ਅਨੁਵਾਦ) ਤੋਂ ਲਿਆ ਗਿਆ ਹੈ-ਅਸ਼ੱਮਸ : 09-11) ਅਨੁਵਾਦਕ

ਨਹੀਂ ਆਉਂਦਾ। ਅਜੀਹੇ ਸੰਗੀ ਸਾਥੀ ਹੀ ਉਸ ਨੂੰ ਚੰਗੇ ਲੱਗਦੇ ਹਨ ਅਤੇ ਅਜੀਹਾ ਮਨੋਰੰਜਨ ਉਸ ਦੀ ਚਿੱਤ ਨੂੰ ਖੁਸ਼ ਕਰਦਾ ਹੈ ਅਤੇ ਉਸ ਦੇ ਮੰਦੇ ਸੁਭਾ ਦੇ ਅਨੁਸਾਰੀ ਅਨੈਤਿਕ ਆਕਾਸ਼ਬਾਣੀ ਉਸ ਨੂੰ ਹੁੰਦੀ ਹੈ ਅਰਥਾਤ ਹਰ ਸਮੇਂ ਅਨੈਤਿਕ ਅਤੇ ਅਵਾਰਾਪੁਣੇ ਦੇ ਹੀ ਵਿਚਾਰ ਉਸ ਨੂੰ ਸੂਝਦੇ ਹਨ। ਕਦੇ ਚੰਗੇ ਵਿਚਾਰ ਉਸ ਦੇ ਦਿਲ੍ਹ ਵਿੱਚ ਪੈਦਾ ਹੀ ਨਹੀਂ ਹੁੰਦੇ ਅਤੇ ਜੇਕਰ ਪਵਿੱਤਰਤਾ ਦੀ ਨੂਰਾਨੀ ਰਾਹ ਅਪਣਾਉਂਦਾ ਹੈ ਤਾਂ ਉਸ ਨੂਰ ਨੂੰ ਮਦਦ ਦੇਣ ਵਾਲੀ ਆਕਾਸ਼ਬਾਣੀ ਉਸ ਨੂੰ ਹੁੰਦੀ ਹੈ। ਅਰਥਾਤ ਰੱਬ ਉਸ ਦੇ ਦਿਲ੍ਹ ਦੇ ਨੂਰ ਨੂੰ ਜੋ ਬੀਜ ਵਾਂਗ ਉਸ ਦੇ ਦਿਲ੍ਹ ਵਿੱਚ ਮੌਜੂਦ ਹੈ, ਆਪਣੀ ਖ਼ਾਸ ਆਕਾਸ਼ਬਾਣੀ ਨਾਲ ਕਮਾਲ ਤੱਕ ਪਹੁੰਚਾਉਂਦਾ ਹੈ ਅਤੇ ਉਸ ਦੇ ਰੌਸ਼ਨ ਮੁਕਾਸ਼ਫ਼ਾਤ[1] ਦੀ ਅੱਗ ਨੂੰ ਫ਼ੈਲਾਉਂਦਾ ਹੈ। ਤੱਦ ਉਹ ਆਪਣੇ ਚਮਕਦੇ ਹੋਏ ਨੂਰ ਨੂੰ ਵੇਖ ਕੇ ਅਤੇ ਉਸ ਦੀਆਂ ਵਾਧੇ ਘਾਟੇ ਦੀਆਂ ਵਿਸ਼ੇਸ਼ਤਾਵਾਂ ਦਾ ਪ੍ਰਯੋਗ ਕਰਕੇ ਪੂਰੇ ਵਿਸ਼ਵਾਸ ਨਾਲ ਸਮਝ ਲੈਂਦਾ ਹੈ ਕਿ ਸੂਰਜ ਅਤੇ ਚੰਨ ਦਾ ਨੂਰ ਮੇਰੇ ਵਿੱਚ ਵੀ ਮੌਜੂਦ ਹੈ ਅਤੇ ਆਕਾਸ਼ ਦਾ ਵਿਸਤ੍ਰਿਤ ਤੇ ਉੱਚਾ ਅਤੇ ਗ੍ਰਹਿਆਂ ਨਾਲ ਭਰਪੂਰ ਹੋਣ ਦੇ ਅਨੁਕੂਲ ਮੇਰੇ ਸੀਨੇ ਵਿੱਚ ਵੀ ਤਸੱਲੀ ਅਤੇ ਵੱਡੀ ਹਿੰਮਤ ਅਤੇ ਦਿਲ੍ਹ ਤੇ ਦਿਮਾਗ ਵਿੱਚ ਰੌਸ਼ਨ ਅੰਗਾਂ ਦਾ ਭੰਡਾਰ ਮੌਜੂਦ ਹੈ। ਜੋ ਸਿਤਾਰੀਆਂ ਵਾਂਗ ਚਮਕ ਰਹੇ ਹਨ। ਤੱਦ ਉਸ ਨੂੰ ਇਸ ਗੱਲ੍ਹ ਦੇ ਸਮਝਣ ਲਈ ਹੋਰ ਕਿਸੇ ਬਾਹਰੀ ਪ੍ਰਮਾਣ ਦੀ

---

[1] ਸੱਚੇ ਸੁਪਨੇ ਅਨੁਵਾਦਕ

ਕੁੱਝ ਲੋੜ੍ਹ ਨਹੀ ਹੁੰਦੀ। ਸਗੋਂ ਉਸ ਦੇ ਅੰਦਰੋਂ ਹੀ ਇੱਕ ਸੰਪੂਰਨ ਪ੍ਰਮਾਣ ਦਾ ਚਸ਼ਮਾ ਹਰ ਸਮੇਂ ਜੋਸ਼ ਮਾਰਦਾ ਹੈ ਅਤੇ ਉਸ ਦੇ ਪਿਆਸੇ ਦਿਲ੍ਹ ਦੀ ਸਿੰਚਾਈ ਕਰਦਾ ਰਹਿੰਦਾ ਹੈ ਅਤੇ ਜੇਕਰ ਇਹ ਪ੍ਰਸ਼ਨ ਪੈਸ਼ ਹੋਵੇ ਕਿ ਵਿਵਹਾਰ ਵੱਜੋਂ ਕਿਵੇਂ ਇਨ੍ਹਾਂ ਮਨੁੱਖੀ ਵਿਸ਼ੇਸ਼ਤਾਵਾਂ ਨੂੰ ਵੇਖਿਆ ਜਾ ਸਕਦਾ ਹੈ ਤਾਂ ਉਸ ਦੇ ਜਵਾਬ ਵਿੱਚ ਰੱਬ ਫ਼ਰਮਾਉਂਦਾ ਹੈ ਕਿ :

قَدۡ أَفۡلَحَ مَن زَكَّىٰهَا وَقَدۡ خَابَ مَن دَسَّىٰهَا[1]

ਅਰਥਾਤ ਜਿਸ ਨੇ ਆਪਣੀ ਜਿੰਦ ਨੂੰ ਸ਼ੁੱਧ ਕੀਤਾ ਅਤੇ ਵਿਕਾਰਾਂ ਅਤੇ ਅਨੈਤਿਕਤਾ ਤੋਂ ਛੁਟਕਾਰਾ ਪਾ ਕੇ ਰੱਬ ਦੇ ਆਦੇਸ਼ਾਂ ਦੇ ਹੇਠ ਆਪਣੇ ਆਪ ਨੂੰ ਪਾ ਦਿੱਤਾ। ਉਹ ਉਸ ਟੀਚੇ ਉੱਤੇ ਪਹੁੰਚੇਗਾ ਅਤੇ ਆਪਣੀ ਜਿੰਦ ਉਸ ਨੂੰ ਸੰਸਾਰ ਵਾਂਗ ਵੱਖ ਵੱਖ ਫੁੱਟਕਲ ਕਮਾਲਾਂ ਦਾ ਇਕੱਠ ਨਜ਼ਰ ਆਵੇਗਾ। ਪਰ ਜਿਸ ਬੰਦੇ ਨੇ ਆਪਣੀ ਜਿੰਦ ਨੂੰ ਪਾਕ ਨਹੀਂ ਕੀਤਾ। ਸਗੋਂ ਗੈਰ ਜ਼ਰੂਰੀ ਇੱਛਾਵਾਂ ਵਿੱਚ ਢੁੱਬ ਗਿਆ। ਉਹ ਇਸ ਮਤਲਬ ਦੇ ਪਾਉਣ ਤੋਂ ਨਿਰਾਸ਼ ਹੋ ਜਾਵੇਗਾ। ਸਿੱਟਾ ਇਸ ਭਾਸ਼ਣ ਦਾ ਇਹ ਹੈ ਕਿ ਬੇਸ਼ੱਕ ਮਨੁੱਖੀ ਜਿੰਦ ਵਿੱਚ ਉਹ ਫ਼ੁੱਟਕਲ ਕਮਾਲ ਮੌਜੂਦ ਹਨ। ਜੋ ਸਾਰੇ ਸੰਸਾਰ ਵਿੱਚ ਪਾਏ ਜਾਂਦੇ ਹਨ ਅਤੇ ਉਨ੍ਹਾਂ ਉੱਤੇ ਵਿਸ਼ਵਾਸ ਕਰਨ ਲਈ ਇਹ ਇੱਕ ਸਿੱਧਾ ਰਾਹ ਹੈ ਕਿ ਰੱਬੀ ਨਿਯਮਾਂ

---

[1] ਉਸ (ਰੱਬ) ਨੇ (ਜਿੰਦ) ਉੱਤੇ ਉਸ ਦੀ ਕੁਦਰਤ (ਦੇ ਮਾਰਗ ਨੂੰ ਵੀ) ਤੇ ਉਸ ਦੀ ਸੰਜਮਤਾ (ਦੇ ਮਾਰਗ) ਨੂੰ ਵੀ ਚੰਗੀ ਤਰ੍ਹਾਂ ਸਪਸ਼ਟ ਕਰ ਦਿੱਤਾ ਹੈ। ਸੋ, ਜਿਸ ਨੇ ਇਸ (ਜਿੰਦ) ਨੂੰ ਪਵਿੱਤਰ ਕਰ ਲਿਆ ਹੈ। ਸਮਝ ਲਓ ਕਿ ਉਸ ਨੇ ਆਪਣਾ ਮਨੋਰਥ ਸਿੱਧ ਕਰ ਲਿਆ ਹੈ।

(ਇਹ ਅਨੁਵਾਦ ਤਫ਼ਸੀਰ-ਏ-ਸਗ਼ੀਰ (ਪੰਜਾਬੀ ਅਨੁਵਾਦ) ਤੋਂ ਲਿਆ ਗਿਆ ਹੈ-ਅਸ਼ੱਮਸ : 10-11)-ਅਨੁਵਾਦਕ

ਅਨੁਸਾਰ ਮਨੁੱਖ ਨੂੰ ਸਵੈ-ਸ਼ੁੱਧਤਾ ਵੱਲ੍ਹ ਖਿੱਚਿਆ ਜਾਵੇ । ਕਿਉਂਕਿ ਸਵੈ-ਸ਼ੁੱਧਤਾ ਦੀ ਅਵਸਥਾ ਵਿੱਚ ਨ ਕੇਵਲ ਇਲਮੁਲ-ਯਕੀਨ[1] ਸਗੋਂ ਹੱਕੁਲ-ਯਕੀਨ[2] ਵੱਜੋਂ ਵੀ ਇਨ੍ਹਾਂ ਛੁੱਪੇ ਕਮਾਲਾਂ ਦਾ ਸੱਚ ਸਾਮ੍ਹਣੇ ਆ ਜਾਵੇਗਾ । ਫ਼ਿਰ ਉਸ ਮਗਰੋਂ ਰੱਬ ਸਮੂਦ ਦੀ ਕੌਮ ਬਾਰੇ ਫ਼ਰਮਾਉਂਦਾ ਹੈ ਕਿ ਉਨ੍ਹਾਂ ਨੇ ਆਪਣੀ ਬਗ਼ਾਵਤ ਕਰਕੇ ਆਪਣੇ ਸਮੇਂ ਦੇ ਨਬੀ ਨੂੰ ਸਵੀਕਾਰ ਨ ਕੀਤਾ ਅਤੇ ਉਸ ਦੇ ਖੰਡਨ ਲਈ ਇੱਕ ਵੱਡਾ ਅਭਾਗਾ ਉਨ੍ਹਾਂ ਵਿੱਚੋਂ ਅੱਗੇ ਆਇਆ । ਉਸ ਸਮੇਂ ਦੇ ਰਸੂਲ ਨੇ ਉਨ੍ਹਾਂ ਨੂੰ ਨਸੀਹਤ ਵੱਜੋਂ ਕਿਹਾ ਕਿ ਨਾਕਤੁਲ੍ਹਾ ਅਰਥਾਤ ਰੱਬ ਦੀ ਊਂਠਣੀ ਅਤੇ ਉਸ ਦੇ ਪਾਣੀ ਪੀਣ ਦੀ ਥਾਂ ਉੱਤੇ ਕਬਜ਼ਾ ਨ ਕਰੋ । ਪਰ ਉਨ੍ਹਾਂ ਨੇ ਨ ਮੰਨਿਆ ਅਤੇ ਊਂਠਣੀ ਦੇ ਪੈਰ ਕੱਟ ਦਿੱਤੇ । ਸੋ, ਇਸ ਜੁਰਮ ਦੀ ਮੁਸੀਬਤ ਨਾਲ ਰੱਬ ਨੇ ਉਨ੍ਹਾਂ ਉੱਤੇ ਮੌਤ ਦੀ ਮਾਰ ਮਾਰੀ ਅਤੇ ਉਨ੍ਹਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਅਤੇ ਰੱਬ ਨੇ ਇਸ ਗੱਲ੍ਹ ਦੀ ਕੁੱਝ ਵੀ ਚਿੰਤਾ ਨ ਕੀਤੀ ਕਿ ਉਨ੍ਹਾਂ ਦੇ ਪਿੱਛੋਂ ਉਨ੍ਹਾਂ ਦੀ ਵਿਧਵਾ ਇਸਤਰੀਆਂ ਅਤੇ ਅਨਾਥ ਬੱਚਿਆਂ ਅਤੇ ਲਾਚਾਰ ਘਰ ਵਾਲਿਆਂ ਦਾ ਕੀ ਹਾਲ ਹੋਵੇਗਾ । ਇਹ ਇੱਕ ਬਹੁਤ ਸ਼ਾਨਦਾਰ ਮਿਸਾਲ ਹੈ । ਜੋ ਰੱਬ ਨੇ ਮਨੁੱਖ ਨੂੰ ਨਾਕਤੁਲ੍ਹਾ ਨਾਲ ਉਪਮਾ ਦੇਣ ਲਈ ਇੱਥੇ ਲਿੱਖੀ ਹੈ । ਭਾਵ ਇਹ ਹੈ ਕਿ ਮਨੁੱਖ ਵੀ ਵਾਸਤਵ ਵਿੱਚ ਇਸੇ ਲਈ ਪੈਦਾ ਕੀਤਾ ਗਿਆ ਹੈ ਕਿ ਤਾਂ ਉਹ

[1] ਕਿਸੇ ਚੀਜ਼ ਦੀ ਹੋਂਦ ਬਾਰੇ ਗਿਆਨ — ਅਨੁਵਾਦਕ

[2] ਰੱਬ ਉੱਤੇ ਸੰਪੂਰਨ ਵਿਸ਼ਵਾਸ ਜਾਂ ਰੱਬ ਨੂੰ ਦਿਲ੍ਹ ਦੀ ਅੱਖ ਨਾਲ ਵੇਖਣਾ — ਅਨੁਵਾਦਕ

ਨਾਕਤੁਲ੍ਹਾ ਦਾ ਕੰਮ ਦੇਵੇ। ਉਸ ਦੀ ਰੱਬ ਵਿੱਚ ਮਿੱਟ ਜਾਣ ਦੀ ਹਾਲਤ ਵਿੱਚ ਰੱਬ ਆਪਣੇ ਪਾਕ ਪ੍ਰਗਟਾਵੇ ਨਾਲ ਉਸ ਉੱਤੇ ਸਵਾਰ ਹੋਵੇ। ਜਿਵੇਂ ਕੋਈ ਊਠਣੀ ਉੱਤੇ ਸਵਾਰ ਹੁੰਦਾ ਹੈ। ਸੋ, ਜਿੰਦ ਪੂਜਕ ਲੋਕਾਂ ਨੂੰ ਜੋ ਹੱਕ ਤੋਂ ਮੂੰਹ ਮੋੜ੍ਹ ਰਹੇ ਹਨ। ਚੇਤਾਵਨੀ ਅਤੇ ਡਰਾਵੇ ਵੱਜੋਂ ਕਿਹਾ ਕਿ ਤੁਸੀਂ ਵੀ ਸਮੂਦ ਕੌਮ ਵਾਂਗ ਨਾਕਤੁਲ੍ਹਾ ਦਾ ਸਕਯਾ ਅਰਥਾਤ ਉਸ ਦੇ ਪਾਣੀ ਪੀਣ ਦੀ ਥਾਂ ਜੋ ਰੱਬ ਦੀ ਯਾਦ ਅਤੇ ਰੱਬ ਦੇ ਗਿਆਨ ਦਾ ਚਸ਼ਮਾ ਹੈ। ਜਿਸ ਉੱਤੇ ਉਸ ਊਠਣੀ ਦੀ ਜ਼ਿੰਦਗੀ ਆਧਾਰਿਤ ਹੈ। ਉਸ ਉੱਤੇ ਬੰਦ ਕਰ ਰਹੇ ਹੋ ਅਤੇ ਨ ਕੇਵਲ ਬੰਦ ਸਗੋਂ ਉਸ ਦੇ ਪੈਰ ਵੱਡਣ ਦੀ ਚਿੰਤਾ ਵਿੱਚ ਹੋ ਤਾਂ ਰੱਬ ਦੀ ਰਾਹਾਂ ਉੱਤੇ ਤੁਰਨ ਤੋਂ ਬਿਲਕੁੱਲ ਰਹਿ ਜਾਵੇ। ਸੋ, ਜੇਕਰ ਤੁਸੀਂ ਆਪਣੀ ਖੈਰ ਮੰਗਦੇ ਹੋ ਤਾਂ ਉਹ ਜੀਵਨ ਦਾ ਪਾਣੀ ਉਸ ਉੱਤੇ ਬੰਦ ਨ ਕਰੋ ਅਤੇ ਆਪਣੀ ਵਾਧੂ ਇੱਛਾਵਾਂ ਦੇ ਤੀਰਾਂ ਨਾਲ ਉਸ ਦੇ ਪੈਰ੍ਹ ਨ ਵੱਡੋ। ਜੇਕਰ ਤੁਸੀਂ ਇੰਞ ਕਰਦੇ ਹੋ ਅਤੇ ਉਹ ਊਠਣੀ ਜੋ ਰੱਬ ਦੀ ਸਵਾਰੀ ਲਈ ਤੁਹਾਨੂੰ ਦਿੱਤੀ ਗਈ ਹੈ। ਆਹਤ ਹੋ ਕੇ ਮਰ ਜਾਵੇਗੀ ਤਾਂ ਤੁਸੀਂ ਬਿਲਕੁੱਲ ਬੇਕਾਰ ਅਤੇ ਸੁੱਕੀ ਲੱਕੜ੍ਹ ਵਾਂਗ ਕਲਪਨਾ ਕਰਕੇ ਕੱਟ ਦਿੱਤੇ ਜਾਓਗੇ ਅਤੇ ਫਿਰ ਅੱਗ ਵਿੱਚ ਪਾਏ ਜਾਓਗੇ ਅਤੇ ਤੁਹਾਡੇ ਬਾਦ ਰੱਬ ਤੁਹਾਡੇ ਬਚੇ-ਕੁਚੇ ਉੱਤੇ ਕਦੇ ਰਹਿਮ ਨਹੀਂ ਕਰੇਗਾ। ਸਗੋਂ ਤੁਹਾਡੀ ਅਣਆਗਿਆਕਾਰੀ ਅਤੇ ਦੁਸ਼ਟਤਾ ਦੀ ਬਿਪਤਾ ਉਨ੍ਹਾਂ ਦੇ ਵੀ ਅੱਗੇ ਆਵੇਗੀ ਅਤੇ ਨ ਸਿਰਫ ਤੁਸੀਂ ਆਪਣੇ ਕੰਮਾਂ ਲਈ ਮਰਨਾ। ਸਗੋਂ ਤੁਸੀਂ ਆਪਣੇ ਪਰਿਵਾਰ ਅਤੇ

ਬੱਚਿਆਂ ਨੂੰ ਵੀ ਉਸੇ ਦੁੱਖ ਵਿੱਚ ਪਾਓਣਾ। ਇਨ੍ਹਾਂ ਸਪਸ਼ਟ ਆਇਤਾਂ ਤੋਂ ਸਾਫ਼ ਸਾਫ਼ ਪ੍ਰਕਟ ਹੋ ਗਿਆ ਕਿ ਰੱਬ ਨੇ ਮਨੁੱਖ ਨੂੰ ਸਾਰੇ ਜੀਵਾਂ ਤੋਂ ਚੰਗਾ ਅਤੇ ਸਰਵੋਤਮ ਬਣਾਇਆ ਹੈ ਅਤੇ ਫ਼ਰਿਸ਼ਤੀਆਂ, ਗ੍ਰਹਿਆਂ ਅਤੇ ਤੱਤਾਂ ਆਦਿ ਜੋ ਕੁੱਝ ਮਨੁੱਖ ਵਿੱਚ ਅਤੇ ਰੱਬ ਵਿੱਚ ਸਾਧਨ ਵੱਜੋਂ ਸ਼ਾਮਲ ਹੋ ਕੇ ਕੰਮ ਕਰ ਰਹੇ ਹਨ। ਉਨ੍ਹਾਂ ਦਾ ਵਿਚੋਲਾ ਹੋਣਾ ਉਨ੍ਹਾਂ ਦੀ ਉੱਤਮਤਾ ਉੱਤੇ ਸੰਕੇਤ ਨਹੀਂ ਕਰਦਾ ਅਤੇ ਉਹ ਆਪਣੇ ਵਿਚੋਲੇ ਹੋਣ ਕਰਕੇ ਮਨੁੱਖ ਨੂੰ ਕੋਈ ਮਾਣ ਨਹੀਂ ਬਖ਼ਸ਼ਦਾ। ਸਗੋਂ ਆਪ ਉਨ੍ਹਾਂ ਨੂੰ ਸਨਮਾਨ ਪ੍ਰਾਪਤ ਹੁੰਦਾ ਹੈ ਕਿ ਉਹ ਅਜਿਹੇ ਸ਼ਰੀਫ ਜੀਵਾਂ ਦੀ ਸੇਵਾ ਵਿੱਚ ਲਾਏ ਗਏ ਹਨ। ਸੋ, ਅਸਲ ਵਿੱਚ ਉਹ ਸਾਰੇ ਸੇਵਕ ਹਨ, ਨ ਮਖ਼ਦੂਮ[1] ਅਤੇ ਇਸ ਬਾਰੇ ਵਿੱਚ ਹਜ਼ਰਤ ਸਾਦੀ ਸ਼ੀਰਾਜੀ ਰਹਿਮਾਹੁਲਾਹ ਨੇ ਕਿੰਨ੍ਹਾ ਸੋਹਣਾ ਕਿਹਾ ਹੈ ਕਿ :

| | |
|---|---|
| تا تو نانے بکف آری و بغفلت نخوری | ابر و باد و مہ و خورشید و فلک در کار اند |
| شرط انصاف نباشد کہ تو فرمان نہ بری[2] | ایں ہمہ از بہر تو سرگشتہ و فرمانبردار |

ਹੁਣ ਫਿਰ ਅਸੀਂ ਬਾਕੀ ਲੇਖ ਵੱਲ੍ਹ ਮੁੜ੍ਹ ਕੇ ਕਹਿੰਦੇ ਹਾਂ ਕਿ ਫ਼ਰਿਸ਼ਤੇ (ਜਿਵੇਂ ਕਿ ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ) ਇੱਕੋ ਦਰਜੇ ਦਾ ਮਾਣ

---

[1] ਜਿਸ ਦੀ ਸੇਵਾ ਕੀਤੀ ਜਾਵੇ ਅਨੁਵਾਦਕ

[2] ਅਬਰ ਵ ਬਾਦ ਵ ਮਾਹ ਵ ਖ਼ੁਰਸ਼ੀਦ ਵ ਫ਼ਲਕ ਦਰ ਕਾਰ ਅੰਦ ਤਾ ਤੂੰ ਨਾਨੇ ਬਕਫ਼ ਆਰੀ ਵ ਬਗ਼ਫ਼ਲਤ ਨਖ਼ੂਰੀ
ਈਂ ਹਮਾਂ ਅਜ਼ ਬਹਰ ਤੂੰ ਸਰਗਸ਼ਤਹ ਵ ਫ਼ਰਮਾਂਬਰਦਾਰ ਸ਼ਰਤ ਇੰਨਸਾਫ਼ ਨਬਾਸ਼ਦ ਕਹ ਤੂੰ ਫਰਮਾਨ ਨਹ ਬਰੀ
ਅਨੁਵਾਦ : ਬੱਦਲ, ਹਵਾ, ਚੰਨ, ਸੂਰਜ ਅਤੇ ਆਕਾਸ਼ ਕੰਮ ਵਿੱਚ ਲੱਗੇ ਹੋਏ ਹਨ ਤਾਂ ਤੂੰ ਜੀਵੀਕਾ ਪ੍ਰਾਪਤ ਕਰੇ ਅਤੇ ਲਾਪਰਵਾਹੀ ਨਾਲ ਨ ਖਾਏ। ਇਹ ਸਾਰੇ ਹੀ ਤੇਰੇ ਸੇਵਕ ਅਤੇ ਆਗਿਆਕਾਰ ਹਨ। ਇਹ ਠੀਕ ਨ ਹੋਵੇਗਾ ਕਿ ਤੂੰ ਆਗਿਆ ਪਾਲਨ ਨ ਕਰੇ। ਅਨੁਵਾਦਕ

ਸਤਿਕਾਰ ਅਤੇ ਬਜ਼ੁਰਗੀ ਨਹੀਂ ਰੱਖਦੇ। ਨ ਇੱਕੋ ਕਿਸਮ ਦਾ ਕੰਮ ਉਨ੍ਹਾਂ ਹਵਾਲੇ ਹੈ। ਸਗੋਂ ਹਰ ਇੱਕ ਫ਼ਰਿਸ਼ਤਾ ਵੱਖੋ ਵੱਖ ਕੰਮ ਦੇ ਸਿੱਟਿਆਂ ਲਈ ਤੈਨਾਤ ਕੀਤਾ ਗਿਆ ਹੈ। ਸੰਸਾਰ ਵਿੱਚ ਜਿੰਨ੍ਹੀਆਂ ਵੀ ਤਬਦੀਲੀਆਂ ਅਤੇ ਕ੍ਰਾਂਤੀਆਂ ਤੁਸੀਂ ਵੇਖਦੇ ਹੋ ਜਾਂ ਜੋ ਕੁੱਝ ਘਾਤ ਵਿੱਚ ਲੱਗਿਆਂ ਸ਼ਕਤੀਆਂ ਨਾਲ ਕਿਰਿਆਵਾਂ ਵਿੱਚ ਆਉਂਦਾ ਹੈ ਜਾਂ ਜਿੰਨ੍ਹੀਆਂ ਰੂਹਾਂ ਅਤੇ ਕਣ ਆਪਣੀ ਲੋੜੀਂਦੀ ਸੰਪੂਰਨਤਾ ਤੱਕ ਪਹੁੰਚਦੇ ਹਨ। ਉਨ੍ਹਾਂ ਸਾਰੀਆਂ ਉੱਤੇ ਆਕਾਸ਼ੀ ਪ੍ਰਭਾਵ ਕੰਮ ਕਰ ਰਹੇ ਹਨ ਅਤੇ ਕਦੇ ਇੱਕੋ ਫ਼ਰਿਸ਼ਤਾ ਵੱਖੋ ਵੱਖ ਪ੍ਰਤਿਭਾ ਉੱਤੇ ਵੱਖੋ ਵੱਖ ਪ੍ਰਭਾਵ ਪਾਉਂਦਾ ਹੈ ਮਿਸਾਲ ਵੱਜੋਂ ਜਿਬਰਾਈਲ ਜੋ ਇੱਕ ਮਹਾਨ ਫ਼ਰਿਸ਼ਤਾ ਹੈ ਅਤੇ ਆਕਾਸ਼ ਦੇ ਇੱਕ ਬਹੁਤ ਰੌਸ਼ਨ ਸਿਤਾਰੇ ਨਾਲ ਸੰਬੰਧ ਰੱਖਦਾ ਹੈ। ਉਸ ਨੂੰ ਕਈ ਪ੍ਰਕਾਰ ਦੀਆਂ ਸੇਵਾਵਾਂ ਹਵਾਲੇ ਹਨ। ਉਨ੍ਹਾਂ ਸੇਵਾਵਾਂ ਦੇ ਅਨੁਕੂਲ ਜੋ ਉਸ ਦੇ ਸਿਤਾਰੇ ਤੋਂ ਲਈ ਜਾਂਦੀਆਂ ਹਨ। ਸੋ, ਉਹ ਫ਼ਰਿਸ਼ਤਾ ਭਾਵੇਂ ਹਰ ਇੱਕ ਅਜਿਹੇ ਮਨੁੱਖ ਵੱਲ੍ਹ ਆਉਂਦਾ ਹੈ। ਜੋ ਆਕਾਸ਼ਬਾਣੀ ਨਾਲ ਸੰਮਾਨਿਤ ਕੀਤਾ ਗਿਆ ਹੋਵੇ। (ਪ੍ਰਕਟਾਵੇ ਦੀ ਅਸਲ ਹਾਲਤ ਜੋ ਕੇਵਲ ਪ੍ਰਭਾਵ ਪਾਉਣ ਵੱਜੋਂ ਹੈ ਨ ਵਾਸਤਵਿਕ ਰੂਪ ਵਿੱਚ ਯਾਦ ਰੱਖਣ ਯੋਗ ਹੈ)

ਪਰ ਉਸ ਦੇ ਪ੍ਰਕਟਾਵੇ ਦੇ ਪ੍ਰਭਾਵ ਵੱਖੋ ਵੱਖ ਯੋਗਤਾਵਾਂ ਅਤੇ ਹਾਲਾਤਾਂ ਅਨੁਸਾਰ ਛੋਟੇ ਅਤੇ ਵੱਡੇ ਰੂਪਾਂ ਵਿੱਚ ਵੰਡੇ ਹੋਏ ਹਨ। ਬਹੁਤ ਵੱਡਾ ਚੱਕਰ ਉਸ ਦੇ ਅਧਿਆਤਮਿਕ ਪ੍ਰਭਾਵਾਂ ਦਾ ਉਹ ਖੇਤਰ ਹੈ ਜੋ ਹਜ਼ਰਤ

ਖ਼ਾਤਮੁਨੰਬੀਯੀਨ ਸੱਲਲਾਹੁ ਅਲੈਹਿ ਵਸਲਮ ਦੀ ਆਕਾਸ਼ਬਾਣੀ ਨਾਲ ਸੰਬੰਧਿਤ ਹੈ। ਇਸੇ ਕਰਕੇ ਜੋ ਅਧਿਆਤਮਿਕ ਗਿਆਨ, ਸੱਚਾਈਆਂ, ਸੰਪੂਰਨ ਹਿਕਮਤ ਅਤੇ ਭਾਸ਼ਾ ਦੀ ਸੂਖ਼ਮਤਾ ਕੁਰਆਨ ਸ਼ਰੀਫ ਵਿੱਚ ਸੰਪੂਰਨ ਅਤੇ ਸ਼ਾਨਦਾਰ ਢੰਗ ਵਿੱਚ ਪਾਈ ਜਾਂਦੀ ਹੈ। ਉਹ ਮਹਾਨ ਸਥਾਨ ਕਿਸੇ ਹੋਰ ਕਿਤਾਬ ਨੂੰ ਪ੍ਰਾਪਤ ਨਹੀਂ ਅਤੇ ਇਹ ਵੀ ਯਾਦ ਰੱਖਣਾ ਚਾਹੀਦਾ ਹੈ (ਜਿਵੇਂ ਕਿ ਪਹਿਲਾਂ ਵੀ ਅਸੀ ਇਸ ਵੱਲ੍ਹ ਇਸ਼ਾਰਾ ਕਰ ਚੁੱਕੇ ਹਾਂ) ਕਿ ਹਰ ਇੱਕ ਫ਼ਰਿਸ਼ਤੇ ਦਾ ਪ੍ਰਭਾਵ ਮਨੁੱਖ ਦੀ ਜਿੰਦ ਉੱਤੇ ਦੋ ਪ੍ਰਕਾਰ ਦਾ ਹੁੰਦਾ ਹੈ। ਪਹਿਲਾ ਉਹ ਪ੍ਰਭਾਵ ਜੋ ਬੱਚੇਦਾਨੀ ਵਿੱਚ ਹੋਣ ਦੀ ਹਾਲਤ ਵਿੱਚ ਰੱਬੀ ਹੁਕਮ ਅਨੁਸਾਰ ਵੱਖੋ ਵੱਖ ਰੂਪ ਦੇ ਆਂਡੀਆਂ ਉੱਤੇ ਵੱਖੋ ਵੱਖ ਪ੍ਰਭਾਵ ਪਾਉਂਦਾ ਹੈ। ਫਿਰ ਦੂਜਾ ਉਹ ਪ੍ਰਭਾਵ ਹੈ। ਜੋ ਹਸਤੀ ਦੀ ਤਿਆਰੀ ਦੇ ਬਾਦ ਉਸ ਹਸਤੀ ਦੀ ਲੁੱਕਿਆ ਸ਼ਕਤੀਆਂ ਨੂੰ ਆਪਣੇ ਸੰਭਾਵਿਤ ਕਮਾਲਾਂ ਤੱਕ ਪਹੁੰਚਾਉਣ ਲਈ ਕੰਮ ਕਰਦੀ ਹੈ। ਇਸੇ ਦੂਜੇ ਪ੍ਰਭਾਵ ਨੂੰ ਜਦੋਂ ਉਹ ਨਬੀ ਜਾਂ ਸੰਪੂਰਨ ਵਲੀ ਸੰਬੰਧੀ ਹੋਵੇ, ਆਕਾਸ਼ਬਾਣੀ ਦੇ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਇੰਝ ਹੁੰਦਾ ਹੈ ਕਿ ਜਦੋਂ ਇੱਕ ਤਤਪਰ ਜਿੰਦ ਆਪਣੇ ਈਮਾਨ ਅਤੇ ਮੁਹਬੱਤ ਦੇ ਨੂਰ ਦੇ ਕਮਾਲ ਨਾਲ ਰੱਬ ਨਾਲ ਮਿੱਤਰਤਾ ਪੂਰਵਕ ਸੰਬੰਧ ਫੜ੍ਹ ਲੈਂਦੀ ਹੈ ਅਤੇ ਰੱਬ ਦੀ ਜੀਵਨ ਦੇਣ ਵਾਲੀ ਮੁਹੱਬਤ ਉਸ ਦੀ ਮੁਹੱਬਤ ਉੱਤੇ ਪਰਛਾਵੇਂ ਵਾਂਗ ਹੋ ਜਾਂਦੀ ਹੈ ਤਾਂ ਉਸ ਹੱਦ ਉੱਤੇ ਉਸ ਸਮੇਂ ਤੱਕ ਜੋ ਕੁੱਝ ਬੰਦੇ ਨੂੰ ਅੱਗੇ ਕਦਮ ਰੱਖਣ ਲਈ ਹਿੰਮਤ

ਪ੍ਰਾਪਤ ਹੁੰਦੀ ਹੈ। ਇਹ ਵਾਸਤਵ ਵਿੱਚ ਉਸ ਲੁੱਕਵੇਂ ਪ੍ਰਭਾਵ ਦਾ ਅਸਰ ਪ੍ਰਤੀਤ ਹੁੰਦਾ ਹੈ ਕਿ ਰੱਬ ਦੇ ਫ਼ਰਿਸ਼ਤੀਆਂ ਨੇ ਮਨੁੱਖ ਦੇ ਬੱਚੇਦਾਨੀ ਵਿੱਚ ਹੋਣ ਦੀ ਹਾਲਤ ਵਿੱਚ ਕੀਤੀ ਹੁੰਦੀ ਹੈ। ਫਿਰ ਬਾਦ ਉਸ ਦੇ ਜੱਦ ਮਨੁੱਖ ਉਸ ਪਹਿਲੇ ਅਸਰ ਦੇ ਪ੍ਰਭਾਵ ਨਾਲ ਇਹ ਸਥਾਨ ਪ੍ਰਾਪਤ ਕਰ ਲੈਂਦਾ ਹੈ ਤਾਂ ਫਿਰ ਉਹੀ ਫ਼ਰਿਸ਼ਤਾ ਦੋਹਰੇ ਆਪਣੇ ਨੂਰ ਨਾਲ ਭਰਿਆ ਪ੍ਰਭਾਵ ਉਸ ਉੱਤੇ ਪਾਉਂਦਾ ਹੈ। ਪਰ ਇਹ ਨਹੀਂ ਕਿ ਆਪਣੇ ਵੱਲੋਂ ਸਗੋਂ, ਉਸ ਵਿਚਕਾਰਲੇ ਸੇਵਕ ਹੋਣ ਕਰਕੇ, ਉਸ ਨਾਲੀ ਵਾਂਗ ਜੋ ਇੱਕ ਪਾਸੀਓਂ ਪਾਣੀ ਨੂੰ ਖਿੱਚਦੀ ਅਤੇ ਦੂਜੇ ਪਾਸੇ ਉਸ ਪਾਣੀ ਨੂੰ ਪਹੁੰਚਾਉਂਦੀ ਹੈ, ਰੱਬ ਦਾ ਨੂਰ ਆਪਣੇ ਅੰਦਰ ਖਿੱਚ ਲੈਂਦਾ ਹੈ। ਫਿਰ ਉਸੇ ਪਲ ਜੱਦ ਕੋਈ ਮਨੁੱਖ ਦੋ ਮੁਹਬਤਾਂ ਦੇ ਮਿਲਨ ਕਰਕੇ ਆਪਣੇ ਆਪ ਨੂੰ ਪਵਿੱਤਰ ਰੂਹ ਦੀ ਨਾਲੀ ਨੇੜ੍ਹੇ ਆਪਣੇ ਆਪ ਨੂੰ ਰੱਖਦਾ ਹੈ ਉਸੇ ਸਮੇਂ ਉਸ ਨਾਲੀ ਵਿੱਚੋਂ ਆਕਾਸ਼ਬਾਣੀ ਦਾ ਪ੍ਰਕਾਸ਼ ਉਸ ਵਿੱਚ ਆ ਜਾਂਦਾ ਹੈ ਜਾਂ ਇੰਝ ਕਹੋ ਕਿ ਉਸੇ ਸਮੇਂ ਜਿਬਰਾਈਲ ਫਰਿਸ਼ਤਾ ਆਪਣੀ ਨੂਰਾਨੀ ਛਾਇਆ ਉਸ ਤਤਪਰ ਦਿਲ੍ਹ ਉੱਤੇ ਪਾ ਕੇ ਇੱਕ ਅਕਸੀ ਫੋਟੋ ਆਪਣੀ ਉਸ ਅੰਦਰ ਬਣਾ ਦਿੰਦਾ ਹੈ। ਤੱਦ ਜਿਵੇਂ ਉਸ ਫਰਿਸ਼ਤੇ ਦਾ ਜੋ ਆਕਾਸ਼ ਉੱਤੇ ਠਿਕਾਣਾ ਹੈ ਜਿਬਰਾਈਲ ਨਾਂ ਹੈ। ਉਸ ਅਕਸੀ ਫੋਟੋ ਦਾ ਨਾਂ ਵੀ ਜਿਬਰਾਈਲ ਹੀ ਹੁੰਦਾ ਹੈ ਜਾਂ ਮਿਸਾਲ ਵੱਜੋਂ ਉਸ ਫਰਿਸ਼ਤੇ ਦਾ ਨਾਂ ਪਵਿਤੱਰ ਰੂਹ ਹੈ ਤਾਂ ਅਕਸੀ ਫੋਟੋ ਦਾ ਨਾਂ ਵੀ ਪਵਿਤੱਰ ਰੂਹ ਹੀ ਰੱਖਿਆ ਜਾਂਦਾ ਹੈ। ਸੋ, ਇਹ ਨਹੀਂ ਕਿ ਫਰਿਸ਼ਤਾ ਮਨੁੱਖ ਦੇ ਅੰਦਰ ਵੜ੍ਹ ਜਾਂਦਾ ਹੈ। ਸਗੋਂ ਉਸ ਦਾ ਪਰਛਾਵਾ ਮਨੁੱਖ ਦੇ ਸਾਫ਼ ਦਿਲ੍ਹ ਵਿੱਚ

ਵਾਸ ਕਰਦਾ ਹੈ। ਮਿਸਾਲ ਵੱਜੋਂ ਜੱਦ ਤੁਸੀਂ ਬਹੁਤ ਸਾਫ਼ ਸ਼ੀਸ਼ਾ ਆਪਣੇ ਮੂੰਹ ਸਾਮ੍ਹਣੇ ਰੱਖਦੇ ਹੋ ਤਾਂ ਥਾਂ ਦੇ ਅਨੁਕੂਲ ਉਸ ਸ਼ੀਸ਼ੇ ਵਿੱਚ ਤੁਹਾਡੀ ਸ਼ਕਲ ਦਾ ਪਰਛਾਵਾਂ ਬਿਨ੍ਹਾਂ ਦੇਰ ਕੀਤੇ ਉਸ ਵਿੱਚ ਪਏਗਾ । ਇਹ ਨਹੀਂ ਕਿ ਤੁਹਾਡਾ ਮੂੰਹ ਅਤੇ ਤੁਹਾਡਾ ਸਿਰ ਗਰਦਨ ਤੋਂ ਟੁੱਟ ਕੇ ਅਤੇ ਵੱਖ ਹੋ ਕੇ ਸ਼ੀਸ਼ੇ ਵਿੱਚ ਰੱਖ ਦਿੱਤਾ ਜਾਵੇਗਾ। ਸਗੋਂ ਉੱਥੇ ਹੀ ਰਹੇਗਾ ਜਿੱਥੇ ਰਹਿਣਾ ਚਾਹੀਦਾ ਹੈ। ਕੇਵਲ ਉਸ ਦਾ ਪਰਛਾਵਾਂ ਪਏਗਾ ਅਤੇ ਪਰਛਾਵਾ ਵੀ ਹਰ ਥਾਂ ਇੱਕੋ ਜਿਹਾ ਨਹੀਂ ਪਏਗਾ। ਸਗੋਂ ਜਿਹੋ ਜਿਹਾ ਵਿਸਥਾਰ ਸ਼ੀਸ਼ੇ ਦਾ ਹੋਵੇਗਾ, ਉਸੇ ਅਨੁਸਾਰ ਅਸਰ ਹੋਵੇਗਾ। ਮਿਸਾਲ ਵੱਜੋਂ ਜੇਕਰ ਤੁਸੀਂ ਆਪਣਾ ਚਿਹਰਾ ਆਰਸੀ ਦੇ ਸ਼ੀਸ਼ੇ ਵਿੱਚ ਵੇਖਣਾ ਚਾਹੋ ਕਿ ਜੋ ਇੱਕ ਛੋਟਾ ਜਿਹਾ ਸ਼ੀਸ਼ਾ ਇੱਕ ਪ੍ਰਕਾਰ ਦੀ ਅੰਗੂਠੀ ਵਿੱਚ ਲੱਗਿਆ ਹੋਇਆ ਹੁੰਦਾ ਹੈ। ਭਾਵੇਂ ਉਸ ਵਿੱਚ ਵੀ ਸਾਰਾ ਚਿਹਰਾ ਨਜ਼ਰ ਆਵੇਗਾ। ਪਰ ਹਰ ਇੱਕ ਅੰਗ ਆਪਣੇ ਅਸਲ ਤੋਂ ਬਹੁਤ ਛੋਟਾ ਹੋ ਕੇ ਨਜ਼ਰ ਆਵੇਗਾ । ਪਰ ਜੇਕਰ ਤੁਸੀਂ ਆਪਣੇ ਚਿਹਰੇ ਨੂੰ ਇੱਕ ਵੱਡੇ ਸ਼ੀਸ਼ੇ ਵਿੱਚ ਵੇਖਣਾ ਚਾਹੋ, ਜੋ ਤੁਹਾਡੀ ਸ਼ਕਲ ਦੇ ਪੂਰੇ ਪ੍ਰਤੀਬਿੰਬ ਲਈ ਕਾਫੀ ਹੈ, ਤਾਂ ਤੁਹਾਡੇ ਚਿਹਰੇ ਦੇ ਸਾਰੇ ਨਕਸ਼ ਅਤੇ ਅੰਗ ਆਪਣੇ ਅਸਲ ਵਿੱਚ ਨਜ਼ਰ ਆ ਜਾਣਗੇ। ਸੋ, ਇਹੋ ਮਿਸਾਲ ਜਿਬਰਾਈਲ ਦੇ ਪ੍ਰਭਾਵਾਂ ਦੀ ਹੈ। ਨਿਮਾਣੇ ਤੋਂ ਨਿਮਾਣੇ ਸੁਧਾਰਕ ਉੱਤੇ ਵੀ ਜਿਬਰਾਈਲ ਹੀ ਆਕਾਸ਼ਬਾਣੀ ਦਾ ਪ੍ਰਭਾਵ ਪਾਉਂਦਾ ਹੈ। ਹਜ਼ਰਤ ਖ਼ਾਤਮੁਨੰਬੀਯੀਨ ਸੱਲਲਾਹੁ ਅਲੈਹਿ ਵਸਲਮ ਦੇ ਦਿਲ੍ਹ ਉੱਤੇ ਵੀ ਉਹੀ ਜਿਬਰਾਈਲ

ਆਕਾਸ਼ਬਾਣੀ ਦਾ ਪ੍ਰਭਾਵ ਪਾਉਂਦਾ ਰਿਹਾ ਹੈ। ਪਰ ਉਨ੍ਹਾਂ ਦੋਹਾਂ ਆਕਾਸ਼ਬਾਣੀਆਂ ਵਿੱਚ ਉਹੀ ਉਪਰੋਕਤ ਅੰਤਰ ਆਰਸੀ ਦੇ ਸ਼ੀਸ਼ੇ ਅਤੇ ਵੱਡੇ ਸ਼ੀਸ਼ੇ ਦਾ ਹੈ। ਅਰਥਾਤ ਭਾਵੇਂ ਵੇਖਣ ਵਿੱਚ ਜਿਬਰਾਈਲ ਉਹੀ ਹੈ ਅਤੇ ਉਸ ਦੇ ਪ੍ਰਭਾਵ ਵੀ ਉਹੀ ਹਨ। ਪਰ ਹਰ ਥਾਂ ਮਾਦਾ ਇੱਕੋ ਵਿਸਥਾਰ ਅਤੇ ਸਫ਼ਾਈ ਦੀ ਅਵਸਥਾ ਉੱਤੇ ਨਹੀਂ ਅਤੇ ਇਹ ਜੋ ਇੱਥੇ ਮੈਂ ਸਫ਼ਾਈ ਦਾ ਸ਼ਬਦ ਵੀ ਲਿੱਖ ਦਿੱਤਾ ਤਾਂ ਇਹ ਇਸ ਗੱਲ੍ਹ ਦੇ ਪ੍ਰਕਟਾਵੇ ਲਈ ਹੈ ਕਿ ਜਿਬਰਾਈਲੀ ਪ੍ਰਭਾਵਾਂ ਦੀ ਅਸਿਹਮਤੀ ਕੇਵਲ ਮਾਤਰਾ ਬਾਰੇ ਹੀ ਨਹੀਂ ਸਗੋਂ ਹਾਲਤ ਨਾਲ ਵੀ ਸੰਬੰਧਿਤ ਹੈ। ਅਰਥਾਤ ਦਿਲ੍ਹ ਦੀ ਸਫਾਈ ਜੋ ਪ੍ਰਤੀਬਿੰਬ ਦੀ ਸ਼ਰਤ ਹੈ। ਸਾਰੇ ਮੁਲਹਿਮੀਨ[1] ਇੱਕੋ ਥਾਂ ਉੱਤੇ ਕਦੇ ਨਹੀਂ ਹੁੰਦੇ। ਜਿਵੇਂ ਤੁਸੀਂ ਵੇਖਦੇ ਹੋ ਕਿ ਸਾਰੇ ਸ਼ੀਸ਼ੇ ਇੱਕੋ ਦਰਜੇ ਦੀ ਸਫਾਈ ਕਦੇ ਨਹੀਂ ਰੱਖਦੇ। ਕੁੱਝ ਸ਼ੀਸ਼ੇ ਅਜਿਹੇ ਉੱਚ ਦਰਜੇ ਦੇ ਰਸਦਾਰ ਅਤੇ ਸ਼ੁੱਧ ਹੁੰਦੇ ਹਨ ਕਿ ਸੰਪੂਰਨ ਜਿਵੇਂ ਕਿ ਚਾਹੀਦਾ ਹੈ, ਵੇਖਣ ਵਾਲਿਆਂ ਦੇ ਰੂਪ ਉਨ੍ਹਾਂ ਵਿੱਚ ਪ੍ਰਕਟ ਹੋ ਜਾਂਦੇ ਹਨ ਅਤੇ ਕੁੱਝ ਅਜਿਹੇ ਅਸ਼ੁੱਧ ਤੇ ਮੈਲੇ ਅਤੇ ਮਿੱਟੀ ਵਾਲੇ ਤੇ ਧੂਏਂ ਵਾਲੇ ਹੁੰਦੇ ਹਨ ਕਿ ਸਪਸ਼ਟ ਰੂਪ ਵਿੱਚ ਉਨ੍ਹਾਂ ਵਿੱਚ ਸ਼ਕਲ ਨਜ਼ਰ ਨਹੀਂ ਆਉਂਦੀ। ਸਗੋਂ ਕੁੱਝ ਅਜਿਹੇ ਵਿਗੜ੍ਹੇ ਹੋਏ ਹੁੰਦੇ ਹਨ ਕਿ ਜੇਕਰ ਮਿਸਾਲ ਵੱਜੋਂ ਉਨ੍ਹਾਂ ਵਿੱਚ ਦੋਵੇਂ ਹੋਂਠ ਨਜ਼ਰ ਆਉਣ ਤਾਂ ਨੱਕ ਨਹੀਂ ਦਿਸਦਾ ਅਤੇ ਜੇਕਰ ਨੱਕ ਦਿਸੇ ਤਾਂ ਅੱਖਾਂ ਨਜ਼ਰ ਨਹੀਂ ਆਉਣਗੀਆਂ। ਸੋ, ਇਹੋ ਹਾਲਤ

[1] ਜਿਨ੍ਹਾਂ ਨੂੰ ਇਲਹਾਮ ਹੁੰਦਾ ਹੈ। ਅਨੁਵਾਦਕ

ਦਿਲ੍ਹ ਦੇ ਸ਼ੀਸ਼ੇ ਦੀ ਹੈ। ਜੋ ਬਹੁਤ ਸਾਫ਼ ਦਿਲ੍ਹ ਹੈ, ਉਸ ਵਿੱਚ ਸਪਸ਼ਟ ਪ੍ਰਤੀਬਿੰਬ ਹੁੰਦਾ ਹੈ ਅਤੇ ਜੋ ਕੁੱਝ ਗੰਦਾ ਹੈ, ਉਸ ਵਿੱਚ ਉਨ੍ਹਾਂ ਹੀ ਗੰਦਾ ਵਿਖਾਈ ਦਿੰਦਾ ਹੈ ਅਤੇ ਸੰਪੂਰਨ ਤੇ ਵਧਿਆ ਢੰਗ ਨਾਲ ਇਹ ਸਫਾਈ ਆਂਹਜ਼ਰਤ ਸੱਲਲਾਹੁ ਅਲੈਹਿ ਵਸਲਮ ਦੇ ਦਿਲ੍ਹ ਨੂੰ ਪ੍ਰਾਪਤ ਹੈ। ਅਜਿਹੀ ਸਫਾਈ ਕਿਸੇ ਦੂਜੇ ਦਿਲ੍ਹ ਨੂੰ ਕਦੇ ਵੀ ਪ੍ਰਾਪਤ ਨਹੀਂ।

ਇੱਥੇ ਇਹ ਤੱਥ ਬਿਆਨ ਕਰਨਾ ਵੀ ਜਰੂਰੀ ਹੈ ਕਿ ਰੱਬ ਜੋ ਸਾਰੇ ਕਾਰਨਾਂ ਦਾ ਕਾਰਨ ਹੈ। ਜਿਸ ਦੀ ਹਸਤੀ ਨਾਲ ਸਾਰੀਆਂ ਹਸਤੀਆਂ ਦਾ ਸਿਲਸਿਲਾ ਜੁੜ੍ਹਾ ਹੈ। ਜੱਦ ਕਦੇ ਉਹ ਵਿਦਿਅਕ ਜਾਂ ਪ੍ਰਕੋਪੀ ਕੋਈ ਹਰਕਤ ਅਤੇ ਇਰਾਦੀ ਕੰਮ ਕਿਸੇ ਗੱਲ੍ਹ ਦੇ ਪੈਦਾ ਕਰਨ ਲਈ ਕਰਦਾ ਹੈ ਤਾਂ ਉਹ ਹਰਕਤ ਜੇਕਰ ਵਧੀਆ ਅਤੇ ਸੰਪੂਰਨ ਹੋਵੇ ਤਾਂ ਸੰਪੂਰਨ ਜੀਵਾਂ ਦੀਆਂ ਹਰਕਤਾਂ ਨੂੰ ਲੋੜ੍ਹੀਂਦਾ ਹੁੰਦੀ ਹੈ ਅਤੇ ਜੇਕਰ ਕੁੱਝ ਚੀਜ਼ਾਂ ਦੇ ਆਧਾਰ ਉੱਤੇ ਅਰਥਾਤ ਅੰਸ਼ਕ ਹਰਕਤ ਹੋਵੇ ਤਾਂ ਉਸੇ ਅਨੁਕੂਲ ਸੰਸਾਰ ਦੇ ਕੁੱਝ ਭਾਗਾਂ ਵਿੱਚ ਹਰਕਤ ਪੈਦਾ ਹੋ ਜਾਂਦੀ ਹੈ। ਵਾਸਤਵਿਕ ਸੱਚਾਈ ਇਹ ਹੈ ਕਿ ਸਰਬ ਸ਼ਕਤੀਮਾਨ ਰੱਬ ਨਾਲ ਉਸ ਦੀ ਸਾਰੀ ਸਰਿਸ਼ਟੀ ਅਤੇ ਸਾਰੇ ਵਿਦਵਾਨਾਂ ਦਾ ਜੋ ਸੰਬੰਧ ਹੈ। ਉਹ ਉਸ ਸੰਬੰਧ ਦੇ ਸਮਾਨਾਂਤਰ ਹੈ, ਜੋ ਸਰੀਰ ਨੂੰ ਜਾਨ ਨਾਲ ਹੁੰਦਾ ਹੈ ਅਤੇ ਜਿਵੇਂ ਸਰੀਰ ਦੇ ਸਾਰੇ ਅੰਗ ਰੂਹ ਦੇ ਇਰਾਦੇ ਅਧੀਨ ਹੁੰਦੇ ਹਨ ਅਤੇ ਜਿਸ ਪਾਸੇ ਰੂਹ ਝੁੱਕਦੀ ਹੈ। ਉਸੇ ਪਾਸੇ ਉਹ ਝੁੱਕ ਜਾਂਦੇ ਹਨ। ਇਹੋ ਤੁਲਣਾ ਰੱਬ ਅਤੇ ਉਸ ਦੀ ਸਰਿਸ਼ਟੀ ਵਿੱਚ ਪਾਈ ਜਾਂਦੀ ਹੈ। ਭਾਵੇਂ ਮੈ ਫ਼ਸੂਸ

ਵਾਂਗ ਰੱਬ ਬਾਰੇ ਇਹ ਤਾਂ ਨਹੀਂ ਕਹਿ ਸਕਦਾ خلق الاشیاء وھو عینھا ਪਰ ਇਹ ਜ਼ਰੂਰ ਕਹਿੰਦਾ ਹਾਂ ਕਿ :

خلق الاشیاء و ھو کعینھا۔ ھذا العالم کصرح ممرّد من قواریر وّ ماء الطاقت العظمٰی یجری تحتھا و یفعل ما یرید یخیّل فی عیون قاصرۃ کانھا ھو یحسبون الشمس والقمر والنجوم مؤثراتٍ بذاتھا ولا مؤثر الّا ھو[1]

ਰੱਬ ਨੇ ਮੇਰੇ ਉੱਤੇ ਇਹ ਰਾਜ਼ ਖੋਲ੍ਹ ਦਿੱਤਾ ਹੈ ਕਿ ਇਹ ਸਾਰਾ ਸੰਸਾਰ ਆਪਣੇ ਸਾਰੇ ਭਾਗਾਂ ਨਾਲ ਉਸ ਕਾਰਨਾਂ ਦੇ ਕਾਰਨ ਦੇ ਕੰਮਾਂ ਅਤੇ ਇਰਾਦੀਆਂ ਦੀ ਪੂਰਤੀ ਲਈ ਸੱਚਮੁਚ ਉਸ ਦੇ ਅੰਗਾਂ ਵਾਂਗ ਸਥਿਤ ਹੈ। ਜੋ ਆਪਣੇ ਆਪ ਕਾਇਮ ਨਹੀਂ। ਸਗੋਂ ਹਰ ਸਮੇਂ ਉਸ ਮਹਾਨ ਰੂਹ ਤੋਂ ਸ਼ਕਤੀ ਪਾਉਂਦਾ ਹੈ। ਜਿਵੇਂ ਸ਼ਰੀਰ ਦੀ ਸਾਰੀ ਸ਼ਕਤੀਆਂ ਜਾਨ ਰਾਹੀਂ ਹੀ ਹੁੰਦੀਆਂ ਹਨ ਅਤੇ ਇਹ ਸੰਸਾਰ ਜੋ ਉਸ ਮਹਾਨ ਹਸਤੀ ਲਈ ਅੰਗਾਂ ਵਾਂਗ ਹੈ। ਕੁੱਝ ਚੀਜ਼ਾਂ ਉਸ ਵਿੱਚ ਅਜਿਹੀਆਂ ਹਨ ਕਿ ਜਿਵੇਂ ਉਸ ਦੇ ਚਿਹਰੇ ਦਾ ਨੂਰ ਹਨ। ਜੋ ਬਾਹਰੀ ਜਾਂ ਅੰਦਰੂਨੀ ਰੂਪ ਵਿੱਚ ਉਸ ਦੇ ਇਰਾਦੇ ਦੇ ਅਨੁਕੂਲ ਰੌਸ਼ਨੀ ਦਾ ਕੰਮ ਦਿੰਦੀਆਂ ਹਨ ਅਤੇ ਕੁੱਝ ਅਜਿਹੀਆਂ ਚੀਜਾਂ ਹਨ ਕਿ ਜਿਵੇਂ ਉਸ ਦੇ ਹੱਥ ਹਨ ਅਤੇ ਕੁੱਝ ਅਜਿਹੀਆਂ ਹਨ ਕਿ ਜਿਵੇਂ ਉਸ ਦੇ ਪੈਰ ਹਨ ਅਤੇ ਕੁੱਝ ਉਸ ਦੇ

[1] ਪਦਾਰਥਾਂ ਦਾ ਨਿਰਮਾਣ ਉਸੇ ਵਾਂਗ ਕੀਤਾ ਗਿਆ ਹੈ। ਇਹ ਸੰਸਾਰ ਸ਼ੀਸ਼ਿਆਂ ਨਾਲ ਸਾਜੇ ਇੱਕ ਮਹਿਲ ਵਾਂਗ ਹੈ। ਜਿਸ ਦੇ ਹੇਠਾਂ ਬਹੁਤ ਤੇਜ਼ ਪਾਣੀ ਵੱਗ ਰਿਹਾ ਹੈ। ਰੱਬ ਜੋ ਚਾਹੁੰਦਾ ਹੈ ਕਰਦਾ ਹੈ। ਲਾਚਾਰ ਅੱਖਾਂ ਵਾਲਾ ਸੋਚਦਾ ਹੈ ਕਿ ਇਹ ਬਿਲਕੁੱਲ ਉਹੀ ਹੈ। ਜੋ ਵਿਖਾਈ ਦਿੰਦਾ ਹੈ। ਲੋਕ ਸਮਝਦੇ ਹਨ ਕਿ ਸੂਰਜ, ਚੰਨ ਅਤੇ ਸਿਤਾਰੇ ਆਪ ਪ੍ਰਭਾਵੀ ਹਨ। ਜੱਦ ਕਿ ਪ੍ਰਭਾਵਸ਼ਾਲੀ ਕੇਵਲ ਰੱਬ ਹੈ। ਅਨੁਵਾਦਕ

ਸਾਹ ਵਾਂਗ ਹਨ। ਸੋ, ਇਹ ਸੰਸਾਰ ਦਾ ਸੰਗ੍ਰਹਿ ਰੱਬ ਲਈ ਇੱਕ ਅੰਗ ਹੈ ਅਤੇ ਸਾਰੀ ਸ਼ਾਨ ਉਸ ਅੰਗ ਦੀ ਅਤੇ ਸਾਰੀ ਜ਼ਿੰਦਗੀ ਉਸ ਦੀ ਉਸੇ ਸੰਪੂਰਨ ਰੂਹ ਨਾਲ ਹੈ। ਜੋ ਉਸ ਦੀ ਸਾਜਨਹਾਰ ਹੈ ਅਤੇ ਜੋ ਕੁੱਝ ਉਸ ਸਾਜਨਹਾਰ ਦੀ ਹਸਤੀ ਵਿੱਚ ਸਵੈ ਇੱਛੁਕ ਹਰਕਤ ਪੈਦਾ ਹੁੰਦੀ ਹੈ। ਉਹੀ ਹਰਕਤ ਉਸ ਦੇ ਕੁੱਲ੍ਹ ਅੰਗਾਂ ਜਾਂ ਕੁੱਝ ਵਿੱਚ ਜਿਵੇਂ ਕਿ ਉਸ ਸਾਜਨਹਾਰ ਦੀ ਹਸਤੀ ਦੀ ਮੰਗ ਹੋਵੇ, ਪੈਦਾ ਹੋ ਜਾਂਦੀ ਹੈ।

ਇਸ ਉਪਰੋਕਤ ਬਿਆਨ ਦੀ ਤਸਵੀਰ ਵਿਖਾਉਣ ਲਈ ਕਲਪਨਾ ਵੱਜੋਂ ਅਸੀਂ ਮੰਨ ਸਕਦੇ ਹਾਂ ਕਿ ਸੰਸਾਰ ਦਾ ਸਾਜਨਹਾਰ ਇੱਕ ਅਜਿਹੀ ਵੱਡੀ ਹਸਤੀ ਹੈ। ਜਿਸ ਦੇ ਅਣਗਿਣਤ ਹੱਥ ਅਣਗਿਣਤ ਪੈਰ ਅਤੇ ਹਰ ਇੱਕ ਅੰਗ ਇੰਨ੍ਹੇ ਵੱਧ ਹਨ ਕਿ ਗਿਣਤੀ ਤੋਂ ਬਾਹਰ ਅਤੇ ਅਨੰਤ ਲੰਮਾਈ ਚੋੜ੍ਹਾਈ ਰੱਖਦੇ ਹਨ ਅਤੇ ਤੰਦੂਈ ਵਾਂਗ ਉਸ ਮਹਾਨ ਹਸਤੀ ਦੀ ਤਾਰਾਂ ਵੀ ਹਨ। ਜੋ ਹਸਤੀ ਦੇ ਸਾਰੇ ਕੰਢੀਆਂ ਤੱਕ ਫੈਲ੍ਹ ਰਹੀਆਂ ਹਨ ਅਤੇ ਖਿੱਚ ਦਾ ਕੰਮ ਦੇ ਰਹੀਆਂ ਹਨ। ਇਹ ਉਹੀ ਅੰਗ ਹਨ, ਜਿਨ੍ਹਾਂ ਦਾ ਦੂਜੇ ਸ਼ਬਦਾਂ ਵਿੱਚ ਸੰਸਾਰ ਨਾਂ ਹੈ। ਜੱਦ ਸੰਸਾਰ ਦਾ ਸਾਜਨਹਾਰ ਕੁੱਝ ਜਾਂ ਸੰਪੂਰਨ ਹਰਕਤ ਕਰੇਗਾ ਤਾਂ ਉਸ ਦੀ ਹਰਕਤ ਨਾਲ ਉਸ ਦੇ ਅੰਗਾਂ ਵਿੱਚ ਹਰਕਤ ਪੈਦਾ ਹੋਣਾ ਇੱਕ ਲਾਜਮੀ ਗੱਲ੍ਹ ਹੋਵੇਗੀ ਅਤੇ ਉਹ ਆਪਣੇ ਸਾਰੇ ਇਰਾਦੀਆਂ ਨੂੰ ਉਨ੍ਹਾਂ ਅੰਗਾਂ ਰਾਹੀਂ ਪ੍ਰਕਟ ਕਰੇਗਾ, ਨ ਕਿਸੇ ਹੋਰ ਤਰ੍ਹਾਂ। ਸੋ, ਇਹੋ ਇੱਕ ਆਮ ਸਮਝ ਆਉਣ ਵਾਲੀ ਮਿਸਾਲ ਉਸ ਅਧਿਆਤਮਿਕ ਗੱਲ੍ਹ ਦੀ ਹੈ ਕਿ ਜੋ ਕਿਹਾ ਗਿਆ ਹੈ ਕਿ ਸਿਰਜਨਾ ਦਾ ਹਰ ਇੱਕ ਹਿੱਸਾ ਰੱਬ ਦੇ ਇਰਾਦੇ ਅਧੀਨ ਅਤੇ ਉਸ ਦੇ

ਲੁੱਕੇ ਛੁੱਪੇ ਉਦੇਸ਼ਾਂ ਨੂੰ ਆਪਣੇ ਸੇਵਕਾਂ ਵਾਲੇ ਚਿਹਰੇ ਨਾਲ ਪ੍ਰਕਟ ਕਰ ਰਿਹਾ ਹੈ ਅਤੇ ਸੰਪੂਰਨ ਪਾਲਣਾ ਨਾਲ ਉਸ ਦੇ ਇਰਾਦੇ ਦੀ ਰਾਹ ਵਿੱਚ ਢੁੱਬ ਰਿਹਾ ਹੈ ਅਤੇ ਇਹ ਪਾਲਣਾ ਇਸ ਪ੍ਰਕਾਰ ਦੀ ਕਦੇ ਨਹੀਂ ਹੈ । ਜਿਸ ਦਾ ਕੇਵਲ ਹਕੂਮਤ ਅਤੇ ਜ਼ਬਰਦਸਤੀ ਉੱਤੇ ਆਧਾਰ ਹੋਵੇ । ਸਗੋਂ ਹਰ ਇੱਕ ਚੀਜ਼ ਵਿੱਚ ਰੱਬ ਵੱਲੋਂ ਇੱਕ ਚੁੰਬਕੀ ਖਿੱਚ ਪਾਈ ਜਾਂਦੀ ਹੈ ਅਤੇ ਹਰ ਇੱਕ ਕਣ ਕੁਦਰਤੀ ਉਸ ਵੱਲ੍ਹ ਝੁੱਕਿਆ ਹੋਇਆ ਮਾਲੂਮ ਹੁੰਦਾ ਹੈ। ਜਿਵੇਂ ਇੱਕ ਹਸਤੀ ਦੇ ਫੁੱਟਕਲ ਅੰਗ ਉਸ ਹਸਤੀ ਵੱਲ੍ਹ ਝੁੱਕੇ ਹੁੰਦੇ ਹਨ। ਸੋ, ਅਸਲ ਵਿੱਚ ਇਹੋ ਸੱਚ ਹੈ ਅਤੇ ਬਿਲਕੁੱਲ ਸੱਚ ਹੈ ਕਿ ਇਹ ਸਾਰਾ ਸੰਸਾਰ ਉਸ ਮਹਾਨ ਹਸਤੀ ਲਈ ਅੰਗਾਂ ਵੱਜੋਂ ਘੱਟਿਤ ਹੈ ਅਤੇ ਇਸੇ ਕਰਕੇ ਉਹ ਸੰਸਾਰ ਦਾ ਸਾਜਨਹਾਰ ਕਹਾਂਦਾ ਹੈ ਕਿਉਂਕਿ ਜਿਵੇਂ ਜਾਨ ਆਪਣੇ ਸ਼ਰੀਰ ਦੀ ਸਾਜਨਹਾਰ ਹੁੰਦੀ ਹੈ । ਇੰਝ ਹੀ ਉਹ ਸਾਰੀ ਸਿਰਜਨਾ ਦਾ ਸਾਜਨਹਾਰ ਹੈ। ਜੇਕਰ ਇੰਝ ਨ ਹੁੰਦਾ ਤਾਂ ਸੰਸਾਰ ਦਾ ਸਿਸਟਮ ਬਿਲਕੁੱਲ ਵਿਗੜ੍ਹ ਜਾਂਦਾ ।

ਹਰ ਇੱਕ ਇਰਾਦਾ ਉਸ ਸਾਜਨਹਾਰ ਦਾ ਭਾਵੇਂ ਉਹ ਪ੍ਰਕਟ ਹੈ ਜਾਂ ਗੁਪਤ, ਧਾਰਮਿਕ ਹੈ ਜਾਂ ਸੰਸਾਰਿਕ। ਉਸ ਸਿਰਜਨਾ ਰਾਹੀਂ ਪ੍ਰਕਟ ਹੁੰਦਾ ਹੈ ਅਤੇ ਅਜਿਹਾ ਕੋਈ ਇਰਾਦਾ ਨਹੀਂ ਕਿ ਬਿਨ੍ਹਾਂ ਉਨ੍ਹਾਂ ਸਾਧਨਾ ਦੇ ਜ਼ਮੀਨ ਉੱਤੇ ਪ੍ਰਕਟ ਹੁੰਦਾ ਹੋਵੇ । ਇਹੀ ਪੁਰਾਣਾ ਕਾਨੂੰਨੇ ਕੁਦਰਤ ਹੈ ਕਿ ਜੋ ਸ਼ੁਰੂਆਤ ਤੋਂ ਚਲਾ ਆਉਂਦਾ ਹੈ। ਪਰ ਇਨ੍ਹਾਂ ਲੋਕਾਂ ਦੀ ਸਮਝ ਉੱਤੇ ਵੱਡੀ ਹੈਰਾਨੀ ਹੈ ਕਿ ਉਹ ਮੀਂਹ ਹੋਣ ਲਈ ਜੋ ਬੱਦਲਾਂ

ਰਾਹੀਂ ਜ਼ਮੀਨ ਉੱਤੇ ਹੁੰਦੀ ਹੈ ਸਟੀਮਰਾਂ ਰਾਹੀਂ ਜ਼ਰੂਰੀ ਖਿਆਲ ਕਰਦੇ ਹਨ ਅਤੇ ਆਪਣੇ ਆਪ ਕੁਦਰਤ ਨਾਲ ਬਿਨਾਂ ਬੱਦਲਾਂ ਦੇ ਮੀਂਹ ਹੋਣਾ ਅਸੰਭਵ ਸਮਝਦੇ ਹਨ। ਪਰ ਆਕਾਸ਼ਬਾਣੀ ਦੀ ਮੀਂਹ ਲਈ, ਜੋ ਸਾਫ਼ ਦਿਲ੍ਹਾਂ ਉੱਤੇ ਹੁੰਦੀ ਹੈ। ਫ਼ਰਿਸ਼ਤੀਆਂ ਦੇ ਬੱਦਲਾਂ ਦਾ ਸਾਧਨ ਜੋ ਕਾਨੂੰਨ ਅਨੁਸਾਰ ਜ਼ਰੂਰੀ ਹੈ। ਉਸ ਉੱਤੇ ਅਗਿਆਨ ਦੀ ਨਜ਼ਰ ਨਾਲ ਹੱਸਦੇ ਹਨ ਅਤੇ ਕਹਿੰਦੇ ਹਨ ਕਿ ਕੀ ਰੱਬ ਬਿਨ੍ਹਾਂ ਫ਼ਰਿਸ਼ਤਿਆਂ ਦੇ ਆਪਣੇ ਆਪ ਆਕਾਸ਼ਬਾਣੀ ਨਹੀਂ ਕਰ ਸਕਦਾ ਸੀ । ਉਹ ਇਹ ਮੰਨਦੇ ਹਨ ਕਿ ਬਿਨ੍ਹਾਂ ਹਵਾ ਦੇ ਆਵਾਜ਼ ਸੁਣ ਲੈਣਾ ਕਾਨੂੰਨੇ ਕੁਦਰਤ ਦੇ ਖ਼ਿਲਾਫ਼ ਹੈ । ਪਰ ਉਹ ਹਵਾ ਜੋ ਅਧਿਆਤਮਿਕ ਤੌਰ ਉੱਤੇ ਰੱਬ ਦੀ ਆਵਾਜ਼ ਨੂੰ ਮੁਲਹਿਮਾਂ ਦੇ ਦਿਲ੍ਹਾਂ ਤੱਕ ਪਹੁੰਚਾਉਂਦੀ ਹੈ । ਉਸ ਕਾਨੂੰਨੇ ਕੁਦਰਤ ਤੋਂ ਲਾਪਰਵਾਹ ਹੈ। ਉਹ ਇਸ ਗੱਲ੍ਹ ਨੂੰ ਮੰਨਦੇ ਹਨ ਕਿ ਪ੍ਰਕਟ ਅੱਖਾਂ ਦੀ ਨਜ਼ਰ ਲਈ ਸੂਰਜ ਦੇ ਪ੍ਰਕਾਸ਼ ਦੀ ਲੋੜ੍ਹ ਹੈ । ਪਰ ਉਨ੍ਹਾਂ ਅਧਿਆਤਮਿਕ ਅੱਖਾਂ ਲਈ ਕਿਸੇ ਆਕਾਸ਼ੀ ਪ੍ਰਕਾਸ਼ ਦੀ ਲੋੜ੍ਹ ਉੱਤੇ ਯਕੀਨ ਨਹੀ ਰੱਖਦੇ ।

ਹੁਣ ਜੱਦ ਕਿ ਇਹ ਰੱਬੀ ਕਾਨੂੰਨ ਗਿਆਤ ਹੋ ਗਿਆ ਕਿ ਇਹ ਸੰਸਾਰ ਆਪਣੀ ਸਾਰੀ ਪ੍ਰਕਟ ਅਤੇ ਗੁਪਤ ਸ਼ਕਤੀਆਂ ਨਾਲ ਰੱਬ ਲਈ ਅੰਗਾਂ ਵਾਂਗ ਹੈ ਅਤੇ ਹਰ ਇੱਕ ਚੀਜ਼ ਆਪਣੇ ਆਪਣੇ ਮੌਕੇ ਮਹਿਲ ਉੱਤੇ ਅੰਗ ਦਾ ਹੀ ਕੰਮ ਦੇ ਰਹੀ ਹੈ ਅਤੇ ਹਰ ਇੱਕ ਇਰਾਦਾ ਰੱਬ ਦਾ ਉਨ੍ਹਾਂ ਅੰਗਾਂ ਰਾਹੀਂ ਪ੍ਰਕਟ ਹੁੰਦਾ ਹੈ। ਕੋਈ ਇਰਾਦਾ ਉਨ੍ਹਾਂ ਤੋਂ ਬਿਨ੍ਹਾਂ ਹੋਂਦ

ਵਿੱਚ ਨਹੀਂ ਆਉਂਦਾ ਤਾਂ ਹੁਣ ਜਾਣਨਾ ਚਾਹੀਦਾ ਹੈ ਕਿ ਰੱਬ ਦੀ ਆਕਾਸ਼ਬਾਣੀ ਵਿੱਚ ਜੋ ਪਾਕ ਦਿਲ੍ਹ ਉੱਤੇ ਆਉਂਦੀ ਹੈ, ਜਿਬਰਾਈਲ ਦਾ ਸੰਬੰਧ ਜੋ ਇਸਲਾਮੀ ਸ਼ਰੀਅਤ ਵਿੱਚ ਇੱਕ ਜ਼ਰੂਰੀ ਮੁੱਦਾ ਸਮਝਿਆ ਗਿਆ ਅਤੇ ਸਵੀਕਾਰ ਕੀਤਾ ਗਿਆ ਹੈ। ਇਹ ਸੰਬੰਧ ਵੀ ਉਸੇ ਸੱਚੀ ਫਿਲਾਸਫੀ ਉੱਤੇ ਹੀ ਆਧਾਰਿਤ ਹੈ। ਜਿਸ ਦੀ ਹੁਣੇ ਅਸੀਂ ਚਰਚਾ ਕਰ ਚੁੱਕੇ ਹਾਂ। ਉਸ ਦੀ ਵਿਆਖਿਆ ਇਹ ਹੈ ਕਿ ਉਪਰੋਕਤ ਕਾਨੂੰਨੇ ਕੁਦਰਤ ਅਨੁਸਾਰ ਇਹ ਗੱਲ੍ਹ ਜ਼ਰੂਰੀ ਹੈ ਕਿ ਆਕਾਸ਼ਬਾਣੀ ਦੇ ਆਉਣ ਜਾਂ ਕੁਦਰਤ ਦੀ ਪ੍ਰਾਪਤੀ ਲਈ ਵੀ ਰੱਬ ਦੀ ਕਿਸੇ ਸਿਰਜਨਾ ਦੇ ਇਲਹਾਮੀ ਅਤੇ ਅਧਿਆਤਮਿਕ ਇਰਾਦੇ ਨੂੰ ਪ੍ਰਕਟ ਹੋਣ ਦੀ ਥਾਂ ਉੱਤੇ ਪ੍ਰਕਟਾਉਣ ਲਈ ਇੱਕ ਅੰਗ ਵਾਂਗ ਬਣ ਕੇ ਸੇਵਾ ਕਰੇ ਜਿਵੇਂ ਕਿ ਸ਼ਰੀਰਕ ਇਰਾਦੀਆਂ ਦੇ ਪੂਰੇ ਕਰਨ ਲਈ ਕਰ ਰਹੇ ਹਨ। ਸੋ, ਉਹ ਉਹੀ ਅੰਗ ਹੈ, ਜਿਸ ਨੂੰ ਦੂਜੇ ਸ਼ਬਦਾਂ ਵਿੱਚ ਜਿਬਰਾਈਲ ਦੇ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਜੋ ਹਰਕਤ ਕਰਨ ਲਈ ਉਸ ਮਹਾਨ ਹਸਤੀ ਦੇ ਸੱਚਮੁਚ ਇੱਕ ਅੰਗ ਵਾਂਗ ਬਿਨ੍ਹਾਂ ਦੇਰ ਕੀਤੇ ਹਰਕਤ ਵਿੱਚ ਆ ਜਾਂਦਾ ਹੈ। ਅਰਥਾਤ ਜਦੋਂ ਰੱਬ ਮੁਹੱਬਤ ਕਰਨ ਵਾਲੇ ਦਿਲ੍ਹ ਵੱਲ੍ਹ ਮੁਹੱਬਤ ਨਾਲ ਮੁੜ੍ਹਦਾ ਹੈ ਤਾਂ ਉਪਰੋਕਤ ਕਾਨੂੰਨ ਅਨੁਸਾਰ ਜਿਸ ਦਾ ਹੁਣੇ ਬਿਆਨ ਹੋ ਚੁੱਕਿਆ ਹੈ। ਜਿਬਰਾਈਲ ਨੂੰ ਵੀ ਜੋ ਸਾਹ ਦੀ ਹਵਾ ਜਾਂ ਅੱਖ ਦੇ ਨੂਰ ਵਾਂਗ ਰੱਬ ਨਾਲ ਤੁੱਲਣਾ ਰੱਖਦਾ ਹੈ। ਉਸ ਪਾਸੇ ਵੱਲ੍ਹ ਹੀ ਹਰਕਤ ਕਰਨੀ ਪੈਂਦੀ ਹੈ ਜਾਂ ਇੰਞ ਕਹੋ ਕਿ ਰੱਬ ਦੀ ਹਰਕਤ ਨਾਲ ਹੀ ਉਹ ਵੀ ਅਣਇੱਛਤ ਅਤੇ ਅਣਜਾਣੇ ਉਸੇ ਤਰ੍ਹਾਂ ਹਰਕਤ

ਵਿੱਚ ਆ ਜਾਂਦਾ ਹੈ ਕਿ ਜਿਵੇਂ ਕਿ ਅਸਲ ਦੇ ਹਿਲਣ ਨਾਲ ਪਰਛਾਵੇ ਦਾ ਹਿਲਣਾ ਕੁਦਰਤੀ ਜ਼ਰੂਰੀ ਹੈ। ਸੋ, ਜੱਦ ਜਿਬਰਾਈਲੀ ਨੂਰ ਰੱਬ ਦੀ ਖਿੱਚ, ਤਹਰੀਕ ਅਤੇ ਨੂਰਾਨੀ ਫ਼ੂਕ ਨਾਲ ਹਰਕਤ ਵਿੱਚ ਆ ਜਾਂਦਾ ਹੈ ਤਾਂ ਨਾਲ ਹੀ ਉਸ ਦੀ ਅਕਸੀ ਫੋਟੋ ਜਿਸ ਨੂੰ ਪਵਿੱਤਰ ਰੂਹ ਦੇ ਨਾਂ ਨਾਲ ਸੰਬੋਧਿਤ ਕਰਨਾ ਚਾਹੀਦਾ ਹੈ। ਸੱਚੇ ਪ੍ਰੇਮ ਦੇ ਦਿਲ੍ਹ ਵਿੱਚ ਛੱਪ ਜਾਂਦੀ ਹੈ ਅਤੇ ਉਸ ਦੇ ਸੱਚੇ ਪਿਆਰ ਦੀ ਇੱਕ ਲਾਜ਼ਮ ਪੈਸ਼ਕਾਰੀ ਠਹਿਰਦੀ ਹੈ। ਤੱਦ ਉਹ ਸ਼ਕਤੀ ਰੱਬ ਦੀ ਆਵਾਜ਼ ਸੁਣਨ ਲਈ ਕੰਨ ਬਖ਼ਸ਼ਦੀ ਹੈ ਅਤੇ ਉਸ ਦੇ ਅਜੂਬੀਆਂ ਦੇ ਵੇਖਣ ਲਈ ਅੱਖਾਂ ਦੀ ਥਾਂ ਹੋ ਜਾਂਦੀ ਹੈ ਅਤੇ ਉਸ ਦੀ ਆਕਾਸ਼ਬਾਣੀ ਜੀਭ ਉੱਤੇ ਜਾਰੀ ਹੋਣ ਲਈ ਇੱਕ ਅਜਿਹੇ ਉਤੇਜਕ ਦਾ ਕੰਮ ਦਿੰਦੀ ਹੈ। ਜੋ ਜੀਭ ਦੇ ਪਹੀਏ ਨੂੰ ਜ਼ੋਰ ਨਾਲ ਇਲਹਾਮੀ ਪੱਧਰ ਉੱਤੇ ਚਲਾਉਂਦੀ ਹੈ ਅਤੇ ਜੱਦ ਤੱਕ ਇਹ ਸ਼ਕਤੀ ਪੈਦਾ ਨ ਹੋ। ਉਸ ਸਮੇਂ ਤੱਕ ਮਨੁੱਖ ਦਾ ਦਿਲ੍ਹ ਅੰਨ੍ਹੇ ਵਾਂਗ ਹੁੰਦਾ ਹੈ ਅਤੇ ਜੀਭ ਉਸ ਰੇਲ ਦੀ ਗੱਡੀ ਵਾਂਗ ਹੁੰਦੀ ਹੈ। ਜੋ ਤੁਰਨ ਵਾਲੇ ਇਨਜਨ ਤੋਂ ਵੱਖ ਪਿਆ ਹੋਵੇ। ਪਰ ਯਾਦ ਰਹੇ ਕਿ ਇਹ ਸ਼ਕਤੀ ਜੋ ਪਵਿੱਤਰ ਰੂਹ ਨਾਲ ਸੰਬੰਧਿਤ ਹੈ। ਹਰ ਇੱਕ ਦਿਲ੍ਹ ਵਿੱਚ ਇੱਕੋ ਵਰਗੀ ਅਤੇ ਬਰਾਬਰ ਪੈਦਾ ਨਹੀਂ ਹੁੰਦੀ। ਸਗੋਂ ਜਿਵੇਂ ਮਨੁੱਖ ਦਾ ਪਿਆਰ ਸੰਪੂਰਨ ਜਾਂ ਅਧੂਰਾ ਹੁੰਦਾ ਹੈ। ਇਸੇ ਅਨੁਮਾਨ ਦੇ ਅਨੁਕੂਲ ਇਹ ਜਿਬਰਾਈਲੀ ਨੂਰ ਉਸ ਉੱਤੇ ਪ੍ਰਭਾਵ ਪਾਉਂਦਾ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਇਸ ਪਵਿੱਤਰ ਰੂਹ ਦੀ ਸ਼ਕਤੀ ਜੋ ਦੋਵੇਂ ਮੁਹੱਬਤਾਂ ਦੇ ਮਿਲਨ ਨਾਲ ਮਨੁੱਖ ਦੇ ਦਿਲ੍ਹ ਵਿੱਚ ਜਿਬਰਾਈਲੀ ਨੂਰ ਦੇ ਪਰਛਾਵੇ ਨਾਲ ਪੈਦਾ ਹੋ ਜਾਂਦੀ ਹੈ। ਉਸ ਦੀ ਹਸਤੀ ਲਈ ਇਹ ਗੱਲ੍ਹ ਲਾਜ਼ਮ ਨਹੀਂ ਕਿ ਹਰ ਸਮੇਂ ਮਨੁੱਖ ਰੱਬ ਦਾ ਪਾਕ ਕਲਾਮ ਸੁਣਦਾ ਹੀ ਰਹੇ ਜਾਂ ਸੁਪਨੇ ਵਿੱਚ ਕੁੱਝ ਵੇਖਦਾ ਹੀ ਰਹੇ ਸਗੋਂ ਇਹ ਤਾਂ ਆਕਾਸ਼ੀ ਨੂਰ ਪਾਉਣ ਲਈ ਨੇੜ੍ਹਲੇ ਸਾਧਨ ਵਾਂਗ ਹੈ ਜਾਂ ਇੰਝ ਕਹੋ ਕਿ ਇਹ ਇੱਕ ਅਧਿਆਤਮਿਕ ਪ੍ਰਕਾਸ਼, ਅਧਿਆਤਮਿਕ ਅੱਖਾਂ ਦੇ ਵੇਖਣ ਲਈ ਜਾਂ ਇੱਕ ਅਧਿਆਤਮਿਕ ਹਵਾ, ਅਧਿਆਤਮਿਕ ਕੰਨਾਂ ਤੱਕ ਆਵਾਜ਼ ਪਹੁੰਚਾਉਣ ਲਈ ਰੱਬ ਵੱਲ੍ਹੋਂ ਹੈ ਅਤੇ ਸਪੱਸ਼ਟ ਹੈ ਕਿ ਜੱਦ ਤੱਕ ਕੋਈ ਚੀਜ਼ ਸਾਮ੍ਹਣੇ ਮੌਜੂਦ ਨ ਹੋਵੇ। ਕੇਵਲ ਪ੍ਰਕਾਸ਼ ਕੁੱਝ ਵਿਖਾ ਨਹੀਂ ਸਕਦਾ ਅਤੇ ਜੱਦ ਤੱਕ ਬੋਲਣ ਵਾਲੇ ਦੇ ਮੂੰਹੋਂ ਗੱਲ੍ਹ ਨ ਨਿਕਲੇ। ਕੇਵਲ ਹਵਾ ਕੰਨਾ ਤੱਕ ਕੋਈ ਖਬਰ ਨਹੀਂ ਅਪੱੜ੍ਹਿਆ ਸਕਦੀ। ਸੋ, ਇਹ ਪ੍ਰਕਾਸ਼ ਜਾਂ ਇਹ ਹਵਾ ਅਧਿਆਤਮਿਕ ਹੋਸ਼ ਲਈ ਕੇਵਲ ਇੱਕ ਆਕਾਸ਼ੀ ਸਮਰਥੱਕ ਪ੍ਰਦਾਨ ਕੀਤਾ ਜਾਂਦਾ ਹੈ। ਜਿਵੇਂ ਪ੍ਰਕਟ ਅੱਖਾਂ ਲਈ ਸੂਰਜ ਦੇ ਪ੍ਰਕਾਸ਼ ਅਤੇ ਪ੍ਰਕਟ ਕੰਨਾਂ ਲਈ ਹਵਾ ਦਾ ਸਰੋਤ ਨਿਯੁੱਕਤ ਕੀਤਾ ਗਿਆ ਹੈ ਅਤੇ ਜੱਦ ਰੱਬ ਦਾ ਇਰਾਦਾ ਇਸ ਵੱਲ੍ਹ ਹੁੰਦਾ ਹੈ ਕਿ ਆਪਣਾ ਕਲਾਮ ਆਪਣੇ ਕਿਸੇ ਬੰਦੇ ਦੇ ਦਿਲ੍ਹ ਤੱਕ ਪਹੁੰਚਾਵੇ। ਉਹ ਤਾਂ ਉਸ ਦੀ ਇਸ ਵਾਰਤਾਲਾਪੀ ਹਰਕਤ ਲਈ ਪਿੱਛੇ ਹੀ ਜਿਬਰਾਈਲੀ ਨੂਰ ਵਿੱਚ ਗੱਲ੍ਹ ਕਰਨ ਲਈ ਇੱਕ ਪ੍ਰਕਾਸ਼ ਦੀ ਮੌਜ ਜਾਂ ਹਵਾ ਦੀ ਮੌਜ ਜਾਂ ਮੁਲਹਮ ਦੀ ਜ਼ੁਬਾਨ ਦੀ ਤਹਰੀਕ

ਲਈ ਇੱਕ ਗਰਮੀ ਦੀ ਮੌਜ ਪੈਦਾ ਹੋ ਜਾਂਦੀ ਹੈ ਅਤੇ ਇਸ ਲਹਿਰ ਜਾਂ ਇਸ ਹਰਕਤ ਨਾਲ ਬਿਨ੍ਹਾਂ ਰੁਕਾਵਟ ਉਹ ਕਲਾਮ ਮੁਲਹਮ ਦੀ ਅੱਖਾਂ ਸਾਮ੍ਹਣੇ ਲਿੱਖਿਆ ਹੋਇਆ ਵਿਖਾਈ ਦਿੰਦਾ ਹੈ ਜਾਂ ਕੰਨਾਂ ਤੱਕ ਉਸ ਦੀ ਆਵਾਜ਼ ਪਹੁੰਚਦੀ ਹੈ ਜਾਂ ਜ਼ੁਬਾਨ ਉੱਤੇ ਉਹ ਇਲਹਾਮੀ ਸ਼ਬਦ ਜਾਰੀ ਹੁੰਦੇ ਹਨ ਅਤੇ ਅਧਿਆਤਮਿਕ ਅੰਗ ਅਤੇ ਪ੍ਰਕਾਸ਼ ਜੋ ਆਕਾਸ਼ਬਾਣੀ ਤੋਂ ਪਹਿਲਾਂ ਇੱਕ ਸ਼ਕਤੀ ਵਾਂਗ ਮਿਲਦਾ ਹੈ। ਇਹ ਦੋਵੇਂ ਸ਼ਕਤੀਆਂ ਇਸ ਲਈ ਦਿੱਤੀਆਂ ਜਾਂਦੀਆਂ ਹਨ ਕਿ ਤਾਂ ਆਕਾਸ਼ਬਾਣੀ ਦੇ ਆਉਣ ਤੋਂ ਪਹਿਲਾਂ, ਆਕਾਸ਼ਬਾਣੀ ਦੇ ਸਵੀਕਾਰ ਕਰਨ ਦੀ ਸਮੱਰਥਾ ਪੈਦਾ ਹੋ ਜਾਵੇ। ਕਿਉਂਕਿ ਜੇਕਰ ਆਕਾਸ਼ਬਾਣੀ ਅਜਿਹੀ ਹਾਲਤ ਵਿੱਚ ਆਉਂਦੀ ਹੈ ਕਿ ਮੁਲਹਮ ਦਾ ਦਿਲ੍ਹ ਅਧਿਆਤਮਿਕ ਅੰਗਾਂ ਤੋਂ ਵੰਚਿਤ ਹੁੰਦਾ ਜਾਂ ਪਵਿੱਤਰ ਰੂਹ ਦਾ ਪ੍ਰਕਾਸ਼ ਦਿਲ੍ਹ ਦੀ ਅੱਖ ਨੂੰ ਪਹੁੰਚਿਆ ਨਹੀਂ ਹੁੰਦਾ ਤਾਂ ਉਹ ਆਕਾਸ਼ਬਾਣੀ ਨੂੰ ਕਿੰਨ੍ਹਾ ਅੱਖਾਂ ਦੇ ਪਾਕ ਪ੍ਰਕਾਸ਼ ਨਾਲ ਵੇਖ ਸਕਦਾ। ਸੋ, ਇਸੇ ਲੋੜ੍ਹ ਕਰਕੇ ਇਹ ਦੋਵੇਂ ਪਹਿਲਾਂ ਹੀ ਮੁਲਹਮੀਨ[1] ਨੂੰ ਪ੍ਰਦਾਨ ਕੀਤੀਆਂ ਗਈਆਂ ਅਤੇ ਇਸ ਸੋਧ ਨਾਲ ਇਹ ਵੀ ਪਾਠਕ ਸਮਝ ਲੈਣਗੇ ਕਿ ਆਕਾਸ਼ਬਾਣੀ ਬਾਰੇ ਜਿਬਰਾਈਲ ਦੇ ਤਿੰਨ ਕੰਮ ਹਨ।

**ਪਹਿਲਾ** ਇਹ ਕਿ ਜੱਦ ਬੱਚੇਦਾਨੀ ਵਿੱਚ ਅਜਿਹੇ ਮਨੁੱਖ ਦੀ ਹਸਤੀ ਲਈ ਵੀਰਜ ਪੈਂਦਾ ਹੈ। ਜਿਸ ਦੇ ਸੁਭਾਅ ਨੂੰ ਰੱਬ ਆਪਣੀ ਦਇਆ

[1] ਜਿਨ੍ਹਾਂ ਨੂੰ ਇਲਹਾਮ ਹੁੰਦਾ ਹੈ ਅਨੁਵਾਦਕ

ਨਾਲ ਜਿਸ ਨਾਲ ਮਨੁੱਖ ਦੇ ਕਾਰਜ ਦਾ ਕੁੱਝ ਸੰਬੰਧ ਨਹੀਂ । ਮੁਲਹਿਮਾਨਾ ਸੁਭਾਅ ਬਣਾਉਣਾ ਚਾਹੁੰਦਾ ਹੈ ਤਾਂ ਉਸ ਉੱਤੇ ਇਸੇ ਵੀਰਜ ਹੋਣ ਦੀ ਹਾਲਤ ਵਿੱਚ ਜਿਬਰਾਈਲੀ ਨੂਰ ਦਾ ਪਰਛਾਵਾ ਪਾਉਂਦਾ ਹੈ । ਤੱਦ ਅਜਿਹੇ ਸ਼ਖ਼ਸ ਦਾ ਸੁਭਾਅ ਰੱਬ ਵੱਲੋਂ ਇਲਹਾਮੀ ਖ਼ੂਬੀ ਪੈਦਾ ਕਰ ਲੈਂਦਾ ਹੈ ਅਤੇ ਇਲਹਾਮੀ ਅੰਗ ਉਸ ਨੂੰ ਮਿਲ ਜਾਂਦੇ ਹਨ ।

**ਦੂਜਾ** ਕੰਮ ਜਿਬਰਾਈਲ ਦਾ ਇਹ ਹੈ ਕਿ ਜੱਦ ਮਨੁੱਖ ਦਾ ਪਿਆਰ ਰੱਬ ਦੇ ਪਿਆਰ ਦੇ ਪਰਛਾਵੇ ਵਿੱਚ ਅਪੜ੍ਹਦਾ ਹੈ ਤਾਂ ਰੱਬ ਦੀ ਵਿਦਿਅਕ ਲਹਿਰ ਕਰਕੇ ਜਿਬਰਾਈਲੀ ਨੂਰ ਵਿੱਚ ਵੀ ਇੱਕ ਹਰਕਤ ਪੈਦਾ ਹੋ ਕੇ ਪਿਆਰ ਨਾਲ ਸੱਚੇ ਦੇ ਦਿਲ੍ਹ ਉੱਤੇ ਉਹ ਨੂਰ ਜਾ ਪੈਂਦਾ ਹੈ । ਅਰਥਾਤ ਇਸ ਨੂਰ ਦਾ ਪਰਛਾਵਾ ਪਿਆਰ ਨਾਲ ਸੱਚੇ ਦੇ ਦਿਲ੍ਹ ਉੱਤੇ ਪੈ ਕੇ ਇੱਕ ਅਕਸੀ ਫੋਟੋ ਜਿਬਰਾਈਲ ਦੀ ਉਸ ਵਿੱਚ ਪੈਦਾ ਹੋ ਜਾਂਦੀ ਹੈ । ਜੋ ਇੱਕ ਪ੍ਰਕਾਸ਼ ਜਾਂ ਹਵਾ ਜਾਂ ਗਰਮੀ ਦਾ ਕੰਮ ਦਿੰਦੀ ਹੈ ਅਤੇ ਆਕਾਸ਼ਬਾਣੀ ਵੱਜੋਂ ਮੁਲਹਮ ਦੇ ਅੰਦਰ ਰਹਿੰਦੀ ਹੈ । ਇੱਕ ਕੰਡਾ ਉਸ ਦਾ ਜਿਬਰਾਈਲ ਦੇ ਨੂਰ ਵਿੱਚ ਢੁੱਬੀਆ ਹੁੰਦਾ ਹੈ ਅਤੇ ਦੂਜਾ ਮੁਲਹਮ ਦੇ ਦਿਲ੍ਹ ਦੇ ਅੰਦਰ ਦਾਖਲ ਹੋ ਜਾਂਦਾ ਹੈ । ਜਿਸ ਨੂੰ ਦੂਜੇ ਸ਼ਬਦਾਂ ਵਿੱਚ ਪਵਿੱਤਰ ਰੂਹ ਜਾਂ ਉਸ ਦੀ ਤਸਵੀਰ ਕਹਿ ਸਕਦੇ ਹਾਂ

**ਤੀਜਾ** ਕੰਮ ਜਿਬਰਾਈਲ ਦਾ ਇਹ ਹੈ ਕਿ ਜੱਦ ਰੱਬ ਵੱਲੋਂ ਕਿਸੇ ਕਲਾਮ ਦਾ ਪ੍ਰਕਟਾਵਾ ਹੋਵੇ ਤਾਂ ਹਵਾ ਵਾਂਗ ਮੌਜ ਵਿੱਚ ਆ ਕੇ ਉਸ

ਕਲਾਮ ਨੂੰ ਦਿਲ੍ਹ ਦੇ ਕੰਨਾਂ ਤੱਕ ਪਹੁੰਚਾਉਣਾ ਜਾਂ ਰੌਸ਼ਨੀ ਦੇ ਸੰਦਰਭ ਵਿੱਚ ਰੌਸ਼ਨ ਹੋ ਕੇ ਉਸ ਨੂੰ ਨਜ਼ਰ ਦੇ ਸਾਮ੍ਹਣੇ ਕਰ ਦਿੰਦਾ ਹੈ ਜਾਂ ਉਤੇਜਿਤ ਗਰਮੀ ਦੇ ਸੰਦਰਭ ਵਿੱਚ ਤੇਜ਼ੀ ਪੈਦਾ ਕਰਕੇ ਜ਼ੁਬਾਨ ਨੂੰ ਇਲਹਾਮੀ ਸ਼ਬਦਾਂ ਵੱਲ੍ਹ ਤੋਰਦਾ ਹੈ।

ਇੱਥੇ ਮੈਂ ਉਨ੍ਹਾਂ ਲੋਕਾਂ ਦਾ ਭੁਲੇਖਾ ਵੀ ਦੂਰ ਕਰਨਾ ਚਾਹੁੰਦਾ ਹਾਂ। ਜੋ ਇਨ੍ਹਾਂ ਸ਼ੱਕਾਂ ਅਤੇ ਸ਼ੰਕਾਵਾਂ ਨਾਲ ਪਿੜ੍ਹਿਤ ਹਨ, ਜੋ ਵਲੀਆਂ ਅਤੇ ਨਬੀਆਂ ਦੀ ਆਕਾਸ਼ਬਾਣੀ ਅਤੇ ਸੁਪਨਿਆਂ ਨੂੰ ਦੂਜੇ ਲੋਕਾਂ ਦੀ ਤੁਲਣਾ ਕੀ ਮਾਣ ਹੋ ਸਕਦਾ ਹੈ ? ਕਿਉਂਕਿ ਜੇਕਰ ਨਬੀਆਂ ਅਤੇ ਵਲੀਆਂ ਉੱਤੇ ਅਦਿੱਖ ਮਾਮਲੇ ਖੁੱਲ੍ਹਦੇ ਹਨ ਤਾਂ ਦੂਜੇ ਲੋਕਾਂ ਉੱਤੇ ਵੀ ਕਦੇ ਕਦੇ ਖੁੱਲ੍ਹ ਜਾਂਦੇ ਹਨ। ਸਗੋਂ ਕੁੱਝ ਅਪਰਾਧੀਆਂ ਅਤੇ ਦੁਸ਼ਟਾਂ ਨੂੰ ਵੀ ਸੱਚੇ ਸੁਪਨੇ ਆ ਜਾਂਦੇ ਹਨ ਅਤੇ ਕੁੱਝ ਵੱਡੇ ਬਦਮਾਸ਼ ਅਤੇ ਸ਼ਰਾਰਤੀ ਲੋਕ ਆਪਣੇ ਅਜਿਹੇ ਸੁਪਨੇ ਬਿਆਨ ਕਰਦੇ ਹਨ ਕਿ ਆਖਰ ਉਹ ਸੱਚੇ ਨਿਕਲਦੇ ਹਨ। ਸੋ, ਜੱਦ ਕਿ ਉਨ੍ਹਾਂ ਲੋਕਾਂ ਨਾਲ ਜੋ ਆਪਣੇ ਪ੍ਰਤੀ ਨਬੀ ਜਾਂ ਕਿਸੇ ਹੋਰ ਖਾਸ ਦਰਜੇ ਦੇ ਬੰਦੇ ਖਿਆਲ ਕਰਦੇ ਹਨ। ਅਜਿਹੇ ਅਜਿਹੇ ਦੁਰ ਵਿਹਾਰ ਮਨੁੱਖ ਵੀ ਸ਼ਾਮਲ ਹਨ, ਜੋ ਅਨੈਤਿਕਤਾ ਅਤੇ ਧੱਕੇਸ਼ਾਹੀ ਵਿੱਚ ਛੱਟੇ ਹੋਏ ਅਤੇ ਮਸ਼ਹੂਰ ਹਨ ਤਾਂ ਨਬੀਆਂ ਅਤੇ ਵਲੀਆਂ ਦੀ ਕੀ ਵੱਡਿਆਈ ਬਾਕੀ ਰਹੀ ? ਸੋ, ਮੈਂ ਇਸ ਦੇ ਜਵਾਬ ਵਿੱਚ ਕਹਿੰਦਾ ਹਾਂ ਕਿ ਵਾਸਤਵ ਵਿੱਚ ਇਹ ਸਵਾਲ ਜਿਨ੍ਹਾਂ ਆਪਣੀ ਵਾਸਤਵਿਕ ਹਾਲਤ ਰੱਖਦਾ ਹੈ। ਉਹ ਸਾਰਾ ਸਹੀ ਹੈ ਅਤੇ

ਜਿਬਰਾਈਲੀ ਨੂਰ ਦਾ ਛਿਆਲੀਵਾਂ ਭਾਗ ਸਾਰੇ ਸੰਸਾਰ ਵਿੱਚ ਫੈਲ੍ਹਿਆ ਹੋਇਆ ਹੈ। ਜਿਸ ਤੋਂ ਕੋਈ ਝੂੱਠਾ ਅਤੇ ਪਾਪੀ ਅਤੇ ਦੁਰ ਵਿਚਾਰੀ ਵੀ ਬਾਹਰ ਨਹੀਂ। ਸਗੋਂ ਮੈਂ ਇੱਥੇ ਤੱਕ ਮੰਨਦਾ ਹਾਂ ਕਿ ਅਨੁਭਵ ਵਿੱਚ ਆ ਚੁੱਕਿਆ ਹੈ ਕਿ ਕਦੇ ਕਦੇ ਇੱਕ ਵੱਡੀ ਦੁਰ ਵਿਚਾਰੀ ਔਰਤ ਜੋ ਕਨਜਰੀਆਂ ਵਿੱਚੋਂ ਹੈ। ਜਿਸ ਦੀ ਸਾਰੀ ਜਵਾਨੀ ਬੂਰੇ ਕੰਮਾਂ ਵਿੱਚ ਹੀ ਲੰਘੀ ਹੈ। ਕਦੇ ਸੱਚਾ ਸੁਪਨਾ ਵੇਖ ਲੈਂਦੀ ਹੈ ਅਤੇ ਹੋਰ ਹੈਰਾਨੀ ਇਹ ਹੈ ਕਿ ਅਜਿਹੀ ਔਰਤ ਕਦੇ ਅਜਿਹੀ ਰਾਤ ਵਿੱਚ ਵੀ ਕਿ ਜੱਦ ਉਹ ਅਨੈਤਿਕਤਾ ਵਿੱਚ ਹੁੰਦੀ ਹੈ। ਕੋਈ ਸੁਪਨਾ ਵੇਖ ਲੈਂਦੀ ਹੈ ਅਤੇ ਉਹ ਸੱਚਾ ਨਿਕਲਦਾ ਹੈ। ਪਰ ਯਾਦ ਰੱਖਣਾ ਚਾਹੀਦਾ ਹੈ ਕਿ ਇੰਝ ਹੀ ਹੋਣਾ ਚਾਹੀਦਾ ਸੀ। ਕਿਉਂਕਿ ਜਿਬਰਾਈਲੀ ਨੂਰ ਸੂਰਜ ਵਾਂਗ ਜੋ ਉਸ ਦਾ ਹੈਡ ਕੁਆਟਰ ਹੈ। ਸੰਸਾਰ ਦੇ ਸਾਰੇ ਕਾਰਜਾਂ ਉੱਤੇ ਉਨ੍ਹਾਂ ਦੀ ਸਮੱਰਥਾ ਅਨੁਸਾਰ ਪ੍ਰਭਾਵ ਪਾ ਰਿਹਾ ਹੈ ਅਤੇ ਕੋਈ ਮਨੁੱਖ ਸੰਸਾਰ ਵਿੱਚ ਅਜਿਹਾ ਨਹੀਂ ਕਿ ਬਿਲਕੁੱਲ ਹਨ੍ਹੇਰ ਹੋਵੇ। ਘੱਟੋ ਘੱਟ ਕੁੱਝ ਪਿਆਰ ਵਾਸਤਵਿਕ ਦੇਸ਼ ਅਤੇ ਵਾਸਤਵਿਕ ਪਿਆਰੇ ਦੀ ਘੱਟੋ ਘੱਟ ਕੁਦਰਤ ਵਿੱਚ ਵੀ ਹੈ। ਇਸ ਹਾਲਤ ਵਿੱਚ ਬਹੁਤ ਜ਼ਰੂਰੀ ਸੀ ਕਿ ਸਾਰੀ ਸਿਰਜਨਾ ਉੱਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਪਾਗ਼ਲਾਂ ਉੱਤੇ ਵੀ ਕੁੱਝ ਜਿਬਰਾਈਲ ਦਾ ਪ੍ਰਭਾਵ ਪੈਂਦਾ ਅਤੇ ਵਾਸਤਵ ਵਿੱਚ ਹੈ ਵੀ। ਕਿਉਂਕਿ ਪਾਗ਼ਲ ਵੀ ਜਿਨ੍ਹਾਂ ਨੂੰ ਆਮ ਜਨਤਾ ਮੋਹਿਤ ਕਹਿੰਦੀ ਹੈ। ਆਪਣੀ ਕੁੱਝ ਹਾਲਤਾਂ ਵਿੱਚ ਆਪਣੀ ਇੱਕ ਕਿਸਮ ਦੀ ਵੰਡ ਕਰਕੇ

ਜਿਬਰਾਈਲੀ ਨੂਰ ਦੇ ਹੇਠਾਂ ਜਾ ਪੈਂਦੇ ਹਨ ਤਾਂ ਕੁੱਝ ਕੁੱਝ ਉਨ੍ਹਾਂ ਦੀ ਅੱਖਾਂ ਉੱਤੇ ਉਸ ਨੂਰ ਦਾ ਪ੍ਰਕਾਸ਼ ਪੈਂਦਾ ਹੈ। ਜਿਸ ਨਾਲ ਉਹ ਰੱਬ ਦੀ ਗੁਪਤ ਕਾਰਵਾਈਆਂ ਨੂੰ ਕੁੱਝ ਕੁੱਝ ਵੇਖਣ ਲੱਗਦੇ ਹਨ। ਪਰ ਅਜਿਹੀ ਖ਼ਵਾਬਾਂ ਜਾਂ ਅਜਿਹੇ ਸੁਪਨੀਆਂ ਨਾਲ ਨਬੁੱਵਤ ਅਤੇ ਵਲਾਯਤ ਨੂੰ ਕੁੱਝ ਸਦਮਾ ਨਹੀਂ ਪਹੁੰਚਦਾ ਅਤੇ ਉਨ੍ਹਾਂ ਦੀ ਸਰਵੋਤਮ ਸ਼ਾਨ ਵਿੱਚ ਕੁੱਝ ਵੀ ਅੰਤਰ ਨਹੀਂ ਆਉਂਦਾ ਅਤੇ ਕੋਈ ਉਲਝਣ ਹੈਰਾਨ ਕਰਨ ਵਾਲੀ ਘਟਿੱਤ ਨਹੀਂ ਹੁੰਦੀ ਕਿਉਂਕਿ ਵਿਚਕਾਰ ਇੱਕ ਅਜਿਹਾ ਸਪੱਸ਼ਟ ਅੰਤਰ ਹੈ ਕਿ ਜੋ ਸਪੱਸ਼ਟ ਰੂਪ ਵਿੱਚ ਹਰ ਇੱਕ ਸਿਆਣਾ ਸਮਝ ਸਕਦਾ ਹੈ ਅਤੇ ਉਹ ਇਹ ਹੈ ਕਿ ਖ਼ਾਸ ਅਤੇ ਆਮ ਦੇ ਸੁਪਨੇ ਅਤੇ ਉਹ ਮੁਕਾਸ਼ਫ਼ਾਤ ਆਪਣੇ ਸੰਬੰਧ ਅਤੇ ਵੰਡ ਦੇ ਵਿਵਰਨ ਅਤੇ ਮਾਤਰਾ ਵਿੱਚ ਕਦੇ ਵੀ ਸਮਾਨ ਨਹੀਂ ਹਨ। ਜੋ ਲੋਕ ਰੱਬ ਦੇ ਵਿਸ਼ੇਸ਼ ਬੰਦੇ ਹਨ। ਉਹ ਅਲੌਕਿਕ ਤੌਰ ਉੱਤੇ ਅਦ੍ਰਿਸ਼ਟ ਅਸੀਸਾਂ ਦਾ ਹਿੱਸਾ ਲੈਂਦੇ ਹਨ। ਸੰਸਾਰ ਉਨ੍ਹਾਂ ਦਾਤਾਂ ਵਿੱਚ ਜੋ ਉਨ੍ਹਾਂ ਨੂੰ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਕੇਵਲ ਅਜਿਹੇ ਸ਼ਾਮਿਲ ਹਨ ਜਿਵੇਂ ਰਾਜੇ ਦੇ ਖ਼ਜਾਨੇ ਨਾਲ ਇੱਕ ਦਿਰਹਮ[1] ਰੱਖਣ ਵਾਲੇ ਮੰਗਤੇ ਨੂੰ ਸ਼ਾਮਿਲ ਖ਼ਿਆਲ ਕੀਤਾ ਜਾਵੇ। ਪਰ ਸਪੱਸ਼ਟ ਹੈ ਕਿ ਇਸ ਨਿਮਾਣੀ ਸਾਂਝ ਕਰਕੇ ਨ ਬਾਦਸ਼ਾਹ ਦੀ ਸ਼ਾਨ ਵਿੱਚ ਕੁੱਝ ਕੰਮੀ ਆ ਸਕਦੀ ਹੈ ਅਤੇ ਨ ਉਸ ਮੰਗਤੇ ਦੀ ਕੁੱਝ ਸ਼ਾਨ ਵੱਧ ਸਕਦੀ ਹੈ ਅਤੇ ਜੇਕਰ ਧਿਆਨ

[1] ਅਰਬੀ ਸਿੱਕਾ ਅਨੁਵਾਦਕ

ਨਾਲ ਵੇਖੋ ਤਾਂ ਸਾਂਝ ਦੀ ਇਹ ਛੋਟੀ ਜਿਹੀ ਮਿਸਾਲ ਇੱਕ ਚਮਕਦਾਰ ਕਰਮ ਰਾਤ ਵੀ ਜਿਸ ਨੂੰ ਪਿਟ ਬੇਜਨਾ ਜਾਂ ਜੁਗਨੂੰ ਵੀ ਕਹਿੰਦੇ ਹਨ ਸੂਰਜ ਨਾਲ ਰੱਖਦਾ ਹੈ ਤਾਂ ਕੀ ਉਹ ਇਸ ਸਾਂਝ ਕਰਕੇ ਸੂਰਜ ਦੇ ਸਨਮਾਨ ਵਿੱਚੋਂ ਕੁੱਝ ਭਾਗ ਲੈ ਸਕਦਾ ਹੈ। ਸੋ, ਜਾਨਣਾ ਚਾਹੀਦਾ ਹੈ ਕਿ ਵਾਸਤਵ ਵਿੱਚ ਸਾਰੀਆਂ ਵੱਡਿਆਈਆਂ ਉੱਚਤਮ ਕਮਾਲ ਦੀਆਂ ਜੋ ਕਿ ਮਾਤਰਾ ਅਤੇ ਗੁਣਵੱਤਾ ਦੇ ਰੂਪ ਵਿੱਚ ਪ੍ਰਾਪਤ ਹੋਣ ਪੈਦਾ ਹੁੰਦੀਆਂ ਹਨ। ਇਹ ਨਹੀਂ ਕਿ ਇੱਕ ਅੱਖਰ ਦੀ ਪਹਿਚਾਣ ਨਾਲ ਮਨੁੱਖ ਇੱਕ ਗਿਆਨੀ ਬੰਦੇ ਦੇ ਬਰਾਬਰ ਹੋ ਜਾਵੇਗਾ ਜਾਂ ਅਚਾਨਕ ਇੱਕ ਸਤਰ ਬਣ ਜਾਣ ਨਾਲ ਵੱਡੇ ਕਵੀਆਂ ਦੇ ਬਰਾਬਰ ਅਖਵਾਏਗਾ ਸਿਆਣਪ ਜਾਂ ਹਕੂਮਤ ਦੀ ਕੋਈ ਕਿਸਮ ਭਾਈਵਾਲੀ ਤੋਂ ਖ਼ਾਲੀ ਨਹੀਂ ਹੈ। ਜੇਕਰ ਇੱਕ ਬਾਦਸ਼ਾਹ ਸਾਰੇ ਸੰਸਾਰ ਉੱਤੇ ਰਾਜ ਕਰਦਾ ਹੈ ਤਾਂ ਇੰਝ ਹੀ ਇੱਕ ਮਜ਼ਦੂਰ ਬੰਦਾ ਆਪਣੀ ਝੌਂਪੜੀ ਵਿੱਚ ਆਪਣੇ ਬੱਚਿਆਂ ਅਤੇ ਆਪਣੀ ਪਤਨੀ ਉੱਤੇ ਹਾਕਮ ਹੈ। ਰਹੀ ਇਹ ਗੱਲ੍ਹ ਕਿ ਰੱਬ ਨੇ ਨੇਕ ਲੋਕਾਂ ਅਤੇ ਮੰਦੇ ਲੋਕਾਂ ਵਿੱਚ ਭਾਗਦਾਰੀ ਕਿਉਂ ਰੱਖੀ ਅਤੇ ਬੀਜ ਵੱਜੋਂ ਲਾਪਰਵਾਹਾਂ ਦੇ ਗਰੁੱਪ ਨੂੰ ਅਦ੍ਰਿਸ਼ਟ ਅਸੀਸਾਂ ਦਾ ਭਾਗ ਕਿਉਂ ਦਿੱਤਾ। ਇਸ ਦਾ ਉੱਤਰ ਇਹ ਹੈ ਕਿ ਦੋਸ਼ ਅਤੇ ਸੰਪੂਰਨਤਾ ਲਈ ਜਾਂ ਬੀਜ ਦੀ ਇਸ ਸਾਂਝੇਦਾਰੀ ਕਰਕੇ ਹਰ ਅਵਿਸ਼ਵਾਸੀ ਨੂੰ ਸੰਪੂਰਨ ਦੀ ਸਥਿਤੀ ਦਾ ਗਵਾਹ ਹੋਣ ਦਿਓ। ਕਿਉਂਕਿ ਜਦੋਂ ਉਹ ਆਪਣੇ ਛੋਟੇ ਜਿਹੇ ਪ੍ਰਤਿਭਾ ਦੇ ਘੇਰੇ ਵਿੱਚ ਕੁੱਝ ਨਮੂਨਾ ਉਨ੍ਹਾਂ ਗੱਲ੍ਹਾਂ ਦਾ ਵੇਖਦਾ ਹੈ

ਜੋ ਉਨ੍ਹਾਂ ਸੰਪੂਰਨ ਲੋਕਾਂ ਦੀ ਜੁਬਾਨ ਤੋਂ ਸੁਣਦਾ ਹੈ। ਸੋ, ਉਸ ਥੋੜੀ ਜਿਹੀ ਝਲਕ ਕਰਕੇ ਉਸ ਲਈ ਇਹ ਸੰਭਵ ਨਹੀਂ ਕਿ ਆਪਣੇ ਸੱਚੇ ਦਿਲੋਂ ਉਨ੍ਹਾਂ ਇਲਹਾਮੀ ਕੰਮਾਂ ਨੂੰ ਬਿਲਕੁੱਲ ਗੈਰ ਸੰਭਵ ਸਮਝੇ। ਸੋ, ਉਹ ਉਸ ਅਧਿਆਤਮਿਕ ਖ਼ੂਬੀ ਦਾ ਕੁੱਝ ਨਮੂਨਾ ਆਪਣੇ ਅੰਦਰ ਰੱਖਣ ਕਰਕੇ ਰੱਬ ਦੇ ਦੋਸ਼ ਦੇ ਹੇਠਾਂ ਹੈ। ਜਿਸ ਦੇ ਅਨੁਸਾਰ ਇੰਨਕਾਰ ਦੀ ਹਾਲਤ ਵਿੱਚ ਉਹ ਫੜ੍ਹਿਆ ਜਾਵੇਗਾ। ਜਿਵੇਂ ਕਿ ਅੱਜ ਕੱਲ੍ਹ ਦੇ ਆਰੀਆ ਖਿਆਲ ਕਰ ਰਹੇ ਹਨ ਕਿ ਰੱਬ ਨੇ ਚਾਰੇ ਵੈਦ ਉਤਾਰ ਕੇ ਫਿਰ ਇੱਕੋ ਵਾਰ ਹਮੇਸ਼ ਲਈ ਆਕਾਸ਼ਬਾਣੀ ਦੀ ਸਫ਼ ਨੂੰ ਲਪੇਟ ਦਿੱਤਾ ਪਰ ਰੱਬ ਦਾ ਕਾਨੂਨੇ ਕੁਦਰਤ ਉਨ੍ਹਾਂ ਨੂੰ ਆਰੋਪੀ ਬਣਾਉਂਦਾ ਹੈ। ਜਦੋਂ ਉਹ ਆਪਣੀ ਅੱਖਾਂ ਨਾਲ ਆਪ ਵੇਖਦੇ ਹਨ ਕਿ ਇਹ ਸਿਲਸਿਲਾ ਗੈਬੀ ਗੱਲ੍ਹਾਂ ਦੇ ਪ੍ਰਗਟਾਵੇ ਦਾ ਹੁਣ ਤੱਕ ਜਾਰੀ ਹੈ ਅਤੇ ਉਨ੍ਹਾਂ ਵਿੱਚੋਂ ਸ਼ਰਾਰਤੀ ਬੰਦੇ ਵੀ ਕਦੇ ਕਦੇ ਸੱਚੇ ਸੁਪਨੇ ਵੇਖਦੇ ਹਨ। ਸੋ, ਸਪੱਸ਼ਟ ਹੈ ਕਿ ਉਹ ਰੱਬ ਜਿਸ ਨੇ ਆਪਣੀ ਅਧਿਆਤਮਿਕ ਕਿਰਪਾ ਨਾਲ ਉਸ ਸਮੇਂ ਦੇ ਪਾਪੀਆਂ ਅਤੇ ਧਰਮ ਨਿਰਪੱਖਵਾਦੀਆਂ ਨੂੰ ਵੰਚਿਤ ਨਹੀਂ ਕੀਤਾ ਅਤੇ ਉਨ੍ਹਾਂ ਉੱਤੇ ਵੀ ਮੌਕੇ ਦੀ ਪੂਰੀ ਘਾਟ ਦੇ ਬਾਦ ਕਦੇ ਕਦੇ ਕਿਰਪਾ ਦੀਆਂ ਅਸੀਸਾਂ ਪ੍ਰਕਟ ਕਰਦਾ ਹੈ ਤਾਂ ਆਪਣੇ ਨੇਕ ਬੰਦਿਆਂ ਉੱਤੇ ਜੋ ਉਸ ਦੀ ਸੰਪੂਰਨ ਇੱਛਾ ਉੱਤੇ ਚਲਣ ਅਤੇ ਸੰਪੂਰਨ ਰੂਪ ਵਿੱਚ ਅਤੇ ਸੰਪੂਰਨ ਉਸ ਨਾਲ ਉਪਮਾ ਰੱਖਣ ਕੀ ਕੁੱਝ ਉਤਾਰਦਾ ਨਹੀਂ ਹੋਵੇਗਾ ਅਤੇ ਇੱਕ ਭੇਦ ਇਸ ਬੀਜ ਦੀ ਭਾਗੀਦਾਰੀ ਵਿੱਚ ਇਹ ਹੈ

ਕਿ ਤਾਂ ਹਰ ਇੱਕ ਬੰਦਾ ਭਾਵੇਂ ਉਹ ਕਿਵੇਂ ਦਾ ਹੀ ਉਲੰਘਣਾ ਕਰਨ ਵਾਲਾ ਦੁਸ਼ਟ ਹੈ ਜਾਂ ਕਾਫ਼ਰ ਖ਼ੂਨੀ ਹੋਵੇਂ । ਉਸ ਭਾਈਵਾਲੀ ਉੱਤੇ ਵਿਚਾਰ ਕਰਨ ਨਾਲ ਸਮਝ ਜਾਵੇ ਕਿ ਰੱਬ ਨੇ ਉਸ ਨੂੰ ਬਰਬਾਦ ਕਰਨ ਲਈ ਪੈਦਾ ਨਹੀਂ ਕੀਤਾ । ਸਗੋਂ ਉਸ ਨੇ ਉਸ ਦੇ ਅੰਦਰ ਇੱਕ ਤਰੱਕੀ ਦੀ ਰਾਹ ਰੱਖੀ ਹੈ ਅਤੇ ਉਸ ਨੂੰ ਵੀ ਬੀਜ ਵੱਜੋਂ ਇੱਕ ਦਿੱਖ ਦਿੱਤੀ ਹੈ । ਜਿਸ ਵਿੱਚ ਉਹ ਅੱਗੇ ਕਦਮ ਵਧਾ ਸਕਦਾ ਹੈ ਅਤੇ ਉਹ ਸੁਭਾਅ ਵੱਜੋਂ ਰੱਬ ਦੀ ਅਸੀਸਾਂ ਤੋਂ ਵਾਂਝੇ ਨਹੀਂ ਹਨ । ਹਾਂ ਜੇਕਰ ਆਪ ਗਲਤ ਰਸਤਾ ਚੁਣ ਕੇ ਉਸ ਨੂਰ ਨੂੰ ਜੋ ਉਸ ਦੇ ਅੰਦਰ ਰੱਖਿਆ ਗਿਆ ਹੈ ਅਣਵਰਤਿਆ ਛੱਡ ਕੇ ਆਪ ਵੰਚਿਤ ਹੋ ਜਾਣ ਅਤੇ ਉਨ੍ਹਾਂ ਕੁਦਰਤੀ ਤਰੀਕੀਆਂ ਨੂੰ ਜੋ ਮੁਕਤੀ ਦੇ ਸਾਧਨ ਹਨ ਜਾਣ ਬੁੱਝ ਕੇ ਛੱਡ ਦੇਣ ਤਾਂ ਇਹ ਆਪ ਉਸ ਦਾ ਕੀਤਾ ਕਰਮ ਹੈ । ਜਿਸ ਦਾ ਮੰਦਾ ਨਤੀਜਾ ਉਸ ਨੂੰ ਭੁਗਤਣਾ ਪਏਗਾ ।

+++++

+++

+

# ਮੌਖਿਕ ਯਾਦਦਾਸ਼ਤ

ਜੋ ਕੁੱਝ ਅਸੀਂ ਰਿਸਾਲਾ ਫ਼ਤਿਹ ਇਸਲਾਮ ਵਿੱਚ ਇਲਾਹੀ ਕਾਰਖਾਨੇ ਬਾਰੇ ਜੋ ਸਰਬ ਸ਼ਤਕੀਮਾਨ ਰੱਬ ਵੱਲੋਂ ਸਾਡੇ ਹਵਾਲੇ ਹੋਇਆ ਹੈ । ਪੰਜ ਸ਼ਾਖਾਵਾਂ ਦੀ ਚਰਚਾ ਕਰਕੇ ਧਰਮੀਆਂ ਅਤੇ ਇਸਲਾਮੀ ਸਮਰਥਕਾਂ ਦੀ ਲੋੜ੍ਹ ਸਹਾਇਤਾ ਲਈ ਲਿੱਖੀ ਹੈ । ਉਸ ਵੱਲ੍ਹ ਸਾਡੇ ਸ਼ਰਧਾ ਪੂਰਵਕ ਅਤੇ ਜੋਸ਼ ਭਰਪੂਰ ਭਰਾਵਾਂ ਨੂੰ ਬਹੁਤ ਛੇਤੀ ਧਿਆਨ ਕਰਨਾ ਚਾਹੀਦਾ ਹੈ ਕਿ ਤਾਂ ਇਹ ਸਾਰੇ ਕੰਮ ਸੋਹਣੇ ਢੰਗ ਨਾਲ ਸ਼ੁਰੂ ਹੋ ਜਾਣ ।

ਲੇਖਕ

ਮਿਰਜ਼ਾ ਗੁਲਾਮ ਅਹਮਦ ਅਜ਼ ਕਾਦੀਆਂ ਜ਼ਿਲ੍ਹਾ ਗੁਰਦਾਸਪੂਰ

# ਮੁਸਲਮਾਨ ਵਿਦਵਾਨਾਂ ਲਈ ਸੂਚਨਾ

ਜੋ ਕੁੱਝ ਇਸ ਵਿਨਮ੍ਰ ਨੇ ਮਸੀਲੇ ਮਸੀਹ ਬਾਰੇ ਲਿੱਖਿਆ ਹੈ। ਇਹ ਲੇਖ ਫੁੱਟਕਲ ਰੂਪ ਵਿੱਚ ਤਿੰਨ ਰਿਸਾਲੀਆਂ ਵਿੱਚ ਦਰਜ ਹੈ। ਅਰਥਾਤ ਫ਼ਤਿਹ ਇਸਲਾਮ, ਤੌਜ਼ੀਹ ਮਰਾਮ ਅਤੇ ਅਜ਼ਾਲਾ ਓਹਾਮ ਵਿੱਚ। ਸੋ, ਉਚਿਤ ਹੈ ਕਿ ਜਦੋਂ ਤੱਕ ਕੋਈ ਸਾਹਿਬ ਇਨ੍ਹਾਂ ਤਿੰਨਾਂ ਰਿਸਾਲੀਆਂ ਨੂੰ ਧਿਆਨ ਨਾਲ ਨ ਵੇਖ ਲਏ। ਤੱਦ ਤੱਕ ਕੋਈ ਵਿਰੋਧੀ ਵਿਚਾਰ ਪ੍ਰਕਟ ਕਰਨ ਵਿੱਚ ਜਲਦੀ ਨ ਕਰੇ। والسلام علی من اتبع الھدیٰ

ਲੇਖਕ

ਦਾਸ ਮਿਰਜ਼ਾ ਗੁਲਾਮ ਅਹਮਦ